tarikhema.org

# Zafarnama Gurumukhi and Urdu - Guru Gobind Singh

mandegar.tarikhema.org

tarikhema.ir

CC-0. Kashmir Research Institute, Srinagar. Digitized by eGangotri

pdf.tarikhema.org

tarikhema.org

10.9.86

# ਜ਼ਫ਼ਰਨਮਾ

KRI-453

ਗੁਰੂ ਗੋਬਿੰਦ ਸਿੰਘ ਜੀ

mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਵਿਉਂਤ

ਕਪੂਰ ਸਿੰਘ ਘੁੰਮਣ
ਸਹਾਇਕ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਪ੍ਰਕਾਸ਼ਕ

ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ,
ਪਟਿਆਲਾ

ਕੰਟਰੋਲਰ, ਪ੍ਰਿੰਟਿੰਗ, ਸਟੇਸ਼ਨਰੀ, ਪੰਜਾਬ ਨੇ
ਨੈਸ਼ਨਲ ਆਫ਼ਸੈੱਟ ਵਰਕਸ, ਦਿੱਲੀ ਤੋਂ ਛਪਵਾਈ ।

mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

# ਦੋ ਸ਼ਬਦ

ਭਾਰਤ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਚੜ੍ਹਦੀ ਕਲਾ ਦੇ ਅਵਤਾਰ ਮੰਨੇ ਜਾਂਦੇ ਹਨ। ਜੀਵਨ ਘੋਲ ਵਿਚ ਉਹਨਾਂ ਦੁੱਖ-ਸੁੱਖ, ਅਮੀਰੀ-ਗ਼ਰੀਬੀ ਤੇ ਜਿੱਤ-ਹਾਰ ਨੂੰ ਇਕ ਸਮਾਨ ਜਾਣਿਆ। ਉਦਾਸੀ, ਝੋਰਾ ਤੇ ਕਲੇਸ਼ ਕਦੇ ਵੀ ਉਹਨਾਂ ਦੇ ਨੂਰਾਨੀ ਜਲਾਲ ਦਾ ਤਾਬ ਨਹੀਂ ਲਿਆ ਸਕੇ। ੪੦ ਸਾਲਾਂ ਦੇ ਭੌਤਿਕ ਜੀਵਨ ਵਿਚ ਉਹਨਾਂ ਆਪਣੇ ਧਰਮ-ਮੂਰਤ ਪਿਤਾ ਤੇ ਪੁਨੀਤ ਆਤਮਾ ਮਾਤਾ ਜੀ ਦੀ ਸ਼ਹਾਦਤ ਨੂੰ ਖਿੜੇ-ਮਥੇ ਸਵੀਕਾਰ ਕੀਤਾ। ਨੇਕੀ ਦੇ ਪੁਤਲੇ ਸਪੁਤਰਾਂ ਨੂੰ ਹੱਥੀਂ ਗਾਨੇ ਬੰਨ੍ਹ ਕੇ ਲਾੜੀ ਮੌਤ ਨਾਲ ਪਰਨਾਉਣ ਲਈ ਤੋਰਿਆ ਅਤੇ ਅੰਤ ਵਿਚ ਆਪਣੀ ਸ਼ਹਾਦਤ ਦੇ ਕੇ ਸੰਸਾਰ ਗਗਨ ਉਤੇ ਸੂਰਜ ਵਾਂਗ ਰੌਸ਼ਨ ਹੋਏ। ਉਹ ਆਪਣੀ ਮਿਸਾਲ ਆਪ ਸਨ।

ਉਹਨਾਂ ਦਾ ਸੰਗਰਾਮ ਸਦਾ ਹੀ ਜ਼ੁਲਮ, ਜ਼ਬਰ ਤੇ ਹੈਂਕੜਸ਼ਾਹੀ ਦੇ ਖਿਲਾਫ਼ ਰਿਹਾ। ਮੁਗਲ ਸਮਰਾਟ ਔਰੰਗਜ਼ੇਬ ਇਸ ਅਤਿਆਚਾਰ ਦੀ ਤਸਵੀਰ ਬਣ ਗਿਆ ਸੀ। ਉਸ ਦੇ ਮੁਕਾਬਲੇ ਤੇ ਗੁਰੂ ਜੀ ਨੇ ਧਰਮ, ਸਰਲਤਾ ਤੇ ਅਡੋਲਤਾ ਦਾ ਰੂਪ ਧਾਰਿਆ ਅਤੇ ਮਧੋਲੀ ਜਾ ਰਹੀ ਭਾਰਤੀ ਜਨਤਾ ਨੂੰ ਸੂਰਬੀਰਤਾ, ਦਲੇਰੀ ਤੇ ਉਤਸ਼ਾਹ ਦਾ ਪਾਠ ਪੜ੍ਹਾ ਕੇ ਜ਼ੁਲਮ ਦੇ ਵਿਰੁਧ ਖੜਾ ਕੀਤਾ। ਇਹਨਾਂ ਅਦੁੱਤੀ ਕਾਰਨਾਮਿਆਂ ਕਰ ਕੇ ਭਾਰਤੀ ਜਨਤਾ ਉਹਨਾਂ ਨੂੰ ਗਿੱਦੜਾਂ ਤੋਂ ਸ਼ੇਰ ਅਤੇ ਚਿੜੀਆਂ ਤੋਂ ਬਾਜ਼ ਬਨਾਉਣ ਵਾਲਾ ਅਵਤਾਰ ਕਰ ਕੇ ਯਾਦ ਕਰਦੀ ਹੈ।

mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਜ਼ਫ਼ਰਨਾਮਾ ਉਹਨਾਂ ਵਲੋਂ ਸਮਰਾਟ ਔਰੰਗਜ਼ੇਬ ਨੂੰ ਲਿਖੀ ਹੋਈ ਚਿੱਠੀ ਹੈ। ਇਹ ਚਿੱਠੀ ਫਾਰਸੀ ਬੋਲੀ ਵਿਚ ਹੈ ਅਤੇ ਇਸ ਦਾ ਇਕ-ਇਕ ਸ਼ੇਅਰ ਅਣਖ, ਸਵੈਮਾਨ ਤੇ ਪ੍ਰਭੂ ਵਿਸ਼ਵਾਸ ਨੂੰ ਜਗਾਉਂਦਾ ਹੈ। ਇਸੇ ਕਲਾਮਈ ਬਾਣੀ ਦਾ ਪ੍ਰਭਾਵ ਸੀ ਕਿ ਭਾਰਤੀ ਕਿਰਤੀ ਕਿਸਾਨ ਮੁਗਲ ਸਾਮਰਾਜ ਦੇ ਖਿਲਾਫ਼ ਉਠ ਖੜੋਤੇ ਅਤੇ ਸਦੀਆਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਿਚ ਸਫਲ ਹੋਏ।

ਹੁਣ ਜਦ ਕਿ ਗੁਰੂ ਗੋਬਿੰਦ ਸਿੰਘ ਮਾਰਗ ਪੰਜਾਬ ਦੇ ਨਕਸ਼ੇ ਉਤੇ ਨਿਵੇਕਲੀ ਫਬਨ ਨਾਲ ਉਜਾਗਰ ਹੋ ਰਿਹਾ ਹੈ ਇਸ ਪਵਿਤਰ ਮਹਾਂ ਯਾਤਰਾ ਦੇ ਸ਼ੁਭ ਅਵਸਰ ਤੇ ਪਾਠਕਾਂ ਸਾਹਮਣੇ ਜ਼ਫ਼ਰਨਾਮਾ ਦਾ ਨਵਾਂ ਐਡੀਸ਼ਨ ਪੇਸ਼ ਕਰ ਕੇ ਵਿਭਾਗ ਨੂੰ ਅਤਿਅੰਤ ਖੁਸ਼ੀ ਹੋ ਰਹੀ ਹੈ।

ਆਸ ਹੈ ਕਿ ਪਾਠਕ ਇਸ ਦਾ ਸੁਆਗਤ ਕਰਨਗੇ।

10.4.73

ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ।

mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

# ਗੋਬਿੰਦ ਮਾਰਗ ਅਤੇ ਜ਼ਫ਼ਰਨਾਮਾ

ਸ੍ਰ: ਉਮਰਾਓ ਸਿੰਘ
ਸਿਖਿਆ ਤੇ ਭਾਸ਼ਾ ਮੰਤਰੀ, ਪੰਜਾਬ

ਪੰਜਾਬ ਦੇ ਇਤਿਹਾਸਕ ਚਿਤਰਪਟ ਉਤੇ ਨਜ਼ਰ ਮਾਰਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਸ਼ਖਸੀਅਤ ਅਜਿਹੇ ਮਹਾਨ ਨਾਇਕ ਵਾਂਗ ਉਘੜ ਕੇ ਸਾਹਮਣੇ ਆਉਂਦੀ ਹੈ, ਜਿਸ ਨੇ ਸਮੇਂ ਦੇ ਮੁਗ਼ਲ ਸਾਮਰਾਜ ਨਾਲ ਲੋਹਾ ਲੈ ਕੇ ਨਾ ਕੇਵਲ ਪੰਜਾਬ ਸਗੋਂ ਸਮੁਚੇ ਭਾਰਤ ਦਾ ਇਤਿਹਾਸ ਬਦਲ ਦਿਤਾ। ਗੁਰੂ ਜੀ ਦਾ ਜੀਵਨ ਯੁਗ-ਪਲਟਾਊ ਘਟਨਾਵਾਂ ਦੀ ਕਹਾਣੀ ਹੈ। ਅਨੰਦਪੁਰ ਸਾਹਿਬ ਤੋਂ ਚਲ ਕੇ ਤਲਵੰਡੀ ਸਾਬੋ ਦਮਦਮਾ ਸਾਹਿਬ ਤਕ ਅਪੜਨ ਦੀ ਵਾਰਤਾ ਪੰਜਾਬ ਦੇ ਮਾਨ, ਗੌਰਵ ਤੇ ਅਣਖ ਦੀ ਵਾਰਤਾ ਹੈ।

ਸੁਤੰਤਰ ਪੰਜਾਬ ਦੇ ਲੋਕ ਆਪਣੇ ਸੰਤ-ਸਿਪਾਹੀ ਗੁਰੂ ਦੀ ਯਾਦ ਵਿਚ ਗੋਬਿੰਦ ਮਾਰਗ ਦੀ ਉਸਾਰੀ ਕਰ ਕੇ ਇਸ ਇਤਿਹਾਸਕ ਸਫਰ ਦੀ ਯਾਦ ਨੂੰ ਚਿਰੰਜੀਵ ਰਖਣ ਦਾ ਉੱਦਮ ਕਰ ਰਹੇ ਹਨ। ਇਹ ਮਾਰਗ ਜਿਥੇ ਯਾਤਰੂਆਂ ਲਈ ਗੁਰੂ ਚਰਨਾਂ ਦੀ ਪਵਿਤਰ ਛੋਹ ਨਾਲ ਵਰੋਸਾਏ ਸਾਰੇ ਧਾਮਾਂ ਦੀ ਮਹਿਮਾ ਨੂੰ ਉਜਾਗਰ ਕਰੇਗਾ, ਉਥੇ ਜੀਵਨ ਘੋਲ ਵਿਚ ਦੁੱਖ-ਸੁੱਖ ਅਮੀਰੀ-ਗ਼ਰੀਬੀ ਤੇ ਜਿੱਤ-ਹਾਰ ਨੂੰ ਇਕ ਸਮਾਨ ਜਾਣਨ ਵਾਲੇ ਅਤੇ ਆਜ਼ਾਦੀ, ਬਰਾਬਰੀ ਤੇ ਭਰਾਤਰੀ ਭਾਵ ਦੀ ਭਾਵਨਾ ਦਾ ਸੰਚਾਰ ਕਰਨ ਵਾਲੇ ਗੁਰੂ ਜੀ ਦੇ ਜੀਵਨ ਦਰਸ਼ਨ ਦੀ ਯਾਦ ਤਾਜ਼ਾ ਕਰਵਾਏਗਾ।

mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਇਹ ਇਕ ਸ਼ਰਧਾਲੂ ਤੇ ਅਨੁਯਾਈ ਲਈ ਪਵਿਤਰਤਾ ਦੀ ਖਿਚ ਤੇ ਰੱਬੀ ਜੀਵਨ ਨਾਲ ਪਿਆਰ ਪੈਦਾ ਕਰੇਗਾ ਅਤੇ ਆਮ ਜਗਿਆਸੂ ਲਈ ਜੀਵਨ ਦਰਸ਼ਨ ਦੇ ਵੱਡਮੁੱਲੇ ਤੇ ਛਿਪੇ ਅਮੋਲਕ ਰਤਨਾਂ ਤੇ ਵਿਵਹਾਰਕ ਤਥਾਂ ਨੂੰ ਰੂਪਮਾਨ ਕਰੇਗਾ।

ਇਸ ਮਾਰਗ ਉਤੇ ਥਾਂ ਪਰ ਥਾਂ ਸਤੂਪ ਉਸਾਰੇ ਜਾ ਰਹੇ ਹਨ ਜਿਨ੍ਹਾਂ ਉਤੇ ਚੜ੍ਹਦੀ ਕਲਾ ਵਿਚ ਰਖਣ ਵਾਲੀ ਗੁਰੂ ਜੀ ਦੀ ਬਾਣੀ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਉਰਦੂ ਵਿਚ ਉਕਰੀ ਜਾ ਰਹੀ ਹੈ। ਸਤੂਪ ਦੇ ਪੰਜਵੇਂ ਪਾਸੇ ਹਰੇਕ ਸਥਾਨ ਦੀ ਮਹੱਤਤਾ ਦਾ ਸੰਖੇਪ ਇਤਿਹਾਸ ਲਿਖਿਆ ਜਾ ਰਿਹਾ ਹੈ ਤਾਂ ਜੋ ਪੰਜਾਬ ਤੋਂ ਬਾਹਰਲੇ ਯਾਤਰੀਆਂ ਨੂੰ ਵੀ ਇਸ ਮਾਰਗ ਦੀ ਮਹਾਨਤਾ ਦਾ ਪਤਾ ਲਗ ਸਕੇ।

ਇਹ ਮਾਰਗ ਗੁਰੂ ਗੋਬਿੰਦ ਸਿੰਘ ਜ਼ੀ ਦੀ ਨਿਵਾਜੀ ਤੇ ਖਾਲਸਾ ਪੰਥ ਦੀ ਜਨਮ-ਭੂਮੀ ਅਨੰਦਪੁਰ ਸਾਹਿਬ ਤੋਂ ਆਰੰਭ ਹੁੰਦਾ ਹੈ। ਇਥੋਂ ਇਹ ਮਾਰਗ ਨਿਰਮੋਹਗੜ੍ਹ, ਕੀਰਤਪੁਰ ਸਾਹਿਬ, ਰੋਪੜ, ਚਮਕੌਰ ਸਾਹਿਬ, ਮਾਛੀਵਾੜਾ, ਆਲਮਗੀਰ, ਰਾਏਕੋਟ, ਦੀਨਾਂ ਕਾਂਗੜ, ਕੋਟ ਕਪੂਰਾ, ਮੁਕਤਸਰ, ਲਖੀ ਜੰਗਲ ਵਿਚੋਂ ਹੁੰਦਾ ਹੋਇਆ ਬਠਿੰਡਾ ਤੇ ਸ੍ਰੀ ਦਮਦਮਾ ਸਾਹਿਬ ਨੂੰ ਜੋੜਦਾ ਹੈ। ਇਨ੍ਹਾਂ ਸਾਰੇ ਸਥਾਨਾਂ ਨੂੰ ਗੁਰੂ ਜੀ ਦੀ ਪਾਵਨ ਛੁਹ ਪ੍ਰਾਪਤ ਕਰਨ ਦਾ ਸੁਭਾਗ ਮਿਲਿਆ ਹੋਇਆ ਹੈ। ਇਸ ਮਾਰਗ ਉਤੇ ਆਉਣ ਵਾਲੇ ਇਤਿਹਾਸਕ ਸਥਾਨ ਪੰਜਾਬ ਦੀ ਸਮੁੱਚੀ ਪ੍ਰਗਤੀ ਦੇ ਵੀ ਪ੍ਰਤੀਕ ਹਨ। ਇਸ ਲਈ ਇਹ ਮਾਰਗ ਇਤਿਹਾਸਕ ਮਹੱਤਤਾ ਦੇ ਨਾਲ ਨਾਲ ਸਮਕਾਲੀ ਪੰਜਾਬ ਦੀਆਂ ਉੱਨਤੀ ਦੇ ਰਾਹ ਉਤੇ ਭਰੀਆਂ ਉਲਾਂਘਾਂ ਦੀ ਮੂੰਹ ਬੋਲਦੀ ਤਸਵੀਰ ਵੀ ਪੇਸ਼ ਕਰੇਗਾ।

ਦੀਨਾਂ-ਕਾਂਗੜ ਗੋਬਿੰਦ ਮਾਰਗ ਦਾ ਮਹੱਤਵਪੂਰਨ ਸਥਾਨ ਹੈ। ਦੀਨਾਂ ਤੇ ਕਾਂਗੜ ਵਾਸਤਵ ਵਿਚ ਦੋ ਜੁੜਵੇਂ ਪਿੰਡ ਹਨ ਅਤੇ ਇਤਿਹਾਸਕ ਪ੍ਰਕਰਣ ਵਿਚ ਇਕੋ ਕਰ ਕੇ ਜਾਣੇ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਇਥੇ ਤਕਰੀਬਨ ਦੋ ਮਹੀਨੇ ਠਹਿਰੇ ਅਤੇ ਉਨ੍ਹਾਂ ਨੇ ਇਥੋਂ ਦਿੱਲੀ ਦੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਨਾਂ ਇਕ ਇਤਿਹਾਸਕ ਚਿੱਠੀ ਫਾਰਸੀ ਸ਼ੇਅਰਾਂ ਵਿਚ ਲਿਖੀ, ਜਿਸ ਨੂੰ ਆਮ ਕਰ ਕੇ "ਜ਼ਫਰਨਾਮਾ" ਵਜੋਂ ਜਾਣਿਆ ਜਾਂਦਾ ਹੈ। ਫਾਰਸੀ ਉਸ ਵਕਤ ਦੀ ਸਰਕਾਰੀ ਭਾਸ਼ਾ ਸੀ। ਜ਼ਫਰਨਾਮਾ ਦਾ ਹਰ ਇਕ ਸ਼ੇਅਰ ਅਣਖ, ਸਵੈਮਾਨ ਤੇ ਪ੍ਰਭੂ ਭਰੋਸਾ ਜਗਾਉਂਦਾ ਹੈ। ਇਨ੍ਹਾਂ ਸ਼ੇਅਰਾਂ ਦੀ ਪ੍ਰੇਰਨਾ ਸਦਕਾ ਹੀ ਸਦੀਆਂ

mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਪੰਜਾਬੀਆਂ ਅੰਦਰ ਆਜ਼ਾਦੀ ਦੀ ਜੰਗ ਦਾ ਵਲਵਲਾ ਠਾਠਾਂ ਮਾਰਨ ਲਗਾ । ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰ ਜ਼ੁਲਮ, ਜਬਰ ਤੇ ਤਕੱਬਰ ਵਿਰੁਧ ਤਲਵਾਰ ਉਠਾਣ ਲਈ ਲਲਕਾਰ ਕੇ ਆਖਿਆ :

"ਚੂੰ ਕਾਰ ਅਜ਼ ਹਮਾਂ ਹੀਲਤੇ ਦਰਗੁਜ਼ਸ਼ਤ ।"
"ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ।"

"ਜ਼ਫ਼ਰਨਾਮਾਂ" ਉਹ ਮਹਾਨ ਵਿਜ਼ੇ-ਪੱਤਰ ਹੈ, ਜਿਸ ਦੀ ਸਦੀਵੀ ਆਭਾ ਤੇ ਚਮਕ ਔਰੰਗਜ਼ੇਬ ਦੀ ਬਾਦਸ਼ਾਹਤ ਦੇ ਸੀਮਤ ਕਾਲ ਦੀਆਂ ਸੀਮਤ ਘਟਨਾਵਾਂ ਨੂੰ ਟੱਪ ਕੇ ਸਦੀਆਂ ਨੂੰ ਆਰ ਪਾਰ ਕਰਦੀ ਹੋਈ ਜ਼ਿੰਦਗੀ ਦੀਆਂ ਬੁਨਿਆਦੀ ਕੀਮਤਾਂ ਨੂੰ ਦ੍ਰਿੜ੍ਹ ਕਰਵਾਉਂਦੀ ਹੈ ਅਤੇ ਹਰ ਪਾਠਕ ਦੇ ਹਿਰਦੇ ਉਤੇ ਆਪਣੀ ਛਾਪ ਲਾ ਦਿੰਦੀ ਹੈ । ਤਾਂ ਹੀ, ਗੋਬਿੰਦ ਮਾਰਗ ਦੇ ਉਦਘਾਟਨ ਦੇ ਖ਼ੁਸ਼ੀ ਭਰੇ ਮੌਕੇ ਉਤੇ "ਜ਼ਫ਼ਰਨਾਮਾ" ਦਾ ਨਵਾਂ ਐਡੀਸ਼ਨ ਛਾਪ ਕੇ ਜਨਤਾ ਨੂੰ ਭੇਟ ਕੀਤਾ ਜਾ ਰਿਹਾ ਹੈ ।

ਮੈਂ ਭਾਸ਼ਾ ਵਿਭਾਗ, ਪੰਜਾਬ ਨੂੰ ਇਸ ਉਪਰਾਲੇ ਲਈ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪੰਜਾਬ ਦੇ ਲੋਕ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਜੀਵਨ ਮਾਰਗ ਉਤੇ ਚਲ ਕੇ ਆਪਣਾ ਜੀਵਨ ਸਫਲਾ ਕਰਨਗੇ ਅਤੇ ਜ਼ਿੰਦਗੀ ਦੇ ਹਰ ਮੋੜ ਉਤੇ ਉਸ ਤੋਂ ਅਗਵਾਈ ਲੈਂਦੇ ਰਹਿਣਗੇ ।

mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਇਹ ਇਕ ਸ਼ਰਧਾਲੂ ਤੇ ਅਨੁਯਾਈ ਲਈ ਪਵਿਤਰਤਾ ਦੀ ਖਿਚ ਤੇ ਰੱਬੀ ਜੀਵਨ ਨਾਲ ਪਿਆਰ ਪੈਦਾ ਕਰੇਗਾ ਅਤੇ ਆਮ ਜਗਿਆਸੂ ਲਈ ਜੀਵਨ ਦਰਸ਼ਨ ਦੇ ਵੱਡਮੁੱਲੇ ਤੇ ਛਿਪੇ ਅਮੋਲਕ ਰਤਨਾਂ ਤੇ ਵਿਵਹਾਰਕ ਤਥਾਂ ਨੂੰ ਰੂਪਮਾਨ ਕਰੇਗਾ।

ਇਸ ਮਾਰਗ ਉਤੇ ਥਾਂ ਪਰ ਥਾਂ ਸਤੂਪ ਉਸਾਰੇ ਜਾ ਰਹੇ ਹਨ ਜਿਨ੍ਹਾਂ ਉਤੇ ਚੜ੍ਹਦੀ ਕਲਾ ਵਿਚ ਰਖਣ ਵਾਲੀ ਗੁਰੂ ਜੀ ਦੀ ਬਾਣੀ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਉਰਦੂ ਵਿਚ ਉਕਰੀ ਜਾ ਰਹੀ ਹੈ। ਸਤੂਪ ਦੇ ਪੰਜਵੇਂ ਪਾਸੇ ਹਰੇਕ ਸਥਾਨ ਦੀ ਮਹੱਤਤਾ ਦਾ ਸੰਖੇਪ ਇਤਿਹਾਸ ਲਿਖਿਆ ਜਾ ਰਿਹਾ ਹੈ ਤਾਂ ਜੋ ਪੰਜਾਬ ਤੋਂ ਬਾਹਰਲੇ ਯਾਤਰੀਆਂ ਨੂੰ ਵੀ ਇਸ ਮਾਰਗ ਦੀ ਮਹਾਨਤਾ ਦਾ ਪਤਾ ਲਗ ਸਕੇ।

ਇਹ ਮਾਰਗ ਗੁਰੂ ਗੋਬਿੰਦ ਸਿੰਘ ਜ਼ੀ ਦੀ ਨਿਵਾਜੀ ਤੇ ਖਾਲਸਾ ਪੰਥ ਦੀ ਜਨਮ-ਭੂਮੀ ਅਨੰਦਪੁਰ ਸਾਹਿਬ ਤੋਂ ਆਰੰਭ ਹੁੰਦਾ ਹੈ। ਇਥੋਂ ਇਹ ਮਾਰਗ ਨਿਰਮੋਹਗੜ੍ਹ, ਕੀਰਤਪੁਰ ਸਾਹਿਬ, ਰੋਪੜ, ਚਮਕੌਰ ਸਾਹਿਬ, ਮਾਛੀਵਾੜਾ, ਆਲਮਗੀਰ, ਰਾਏਕੋਟ, ਦੀਨਾਂ ਕਾਂਗੜ, ਕੋਟ ਕਪੂਰਾ, ਮੁਕਤਸਰ, ਲਖੀ ਜੰਗਲ ਵਿਚੋਂ ਹੁੰਦਾ ਹੋਇਆ ਬਠਿੰਡਾ ਤੇ ਸ੍ਰੀ ਦਮਦਮਾ ਸਾਹਿਬ ਨੂੰ ਜੋੜਦਾ ਹੈ। ਇਨ੍ਹਾਂ ਸਾਰੇ ਸਥਾਨਾਂ ਨੂੰ ਗੁਰੂ ਜੀ ਦੀ ਪਾਵਨ ਛੁਹ ਪ੍ਰਾਪਤ ਕਰਨ ਦਾ ਸੁਭਾਗ ਮਿਲਿਆ ਹੋਇਆ ਹੈ। ਇਸ ਮਾਰਗ ਉਤੇ ਆਉਣ ਵਾਲੇ ਇਤਿਹਾਸਕ ਸਥਾਨ ਪੰਜਾਬ ਦੀ ਸਮੁੱਚੀ ਪ੍ਰਗਤੀ ਦੇ ਵੀ ਪ੍ਰਤੀਕ ਹਨ। ਇਸ ਲਈ ਇਹ ਮਾਰਗ ਇਤਿਹਾਸਕ ਮਹੱਤਤਾ ਦੇ ਨਾਲ ਨਾਲ ਸਮਕਾਲੀ ਪੰਜਾਬ ਦੀਆਂ ਉੱਨਤੀ ਦੇ ਰਾਹ ਉਤੇ ਭਰੀਆਂ ਉਲਾਂਘਾਂ ਦੀ ਮੂੰਹ ਬੋਲਦੀ ਤਸਵੀਰ ਵੀ ਪੇਸ਼ ਕਰੇਗਾ।

ਦੀਨਾਂ-ਕਾਂਗੜ ਗੋਬਿੰਦ ਮਾਰਗ ਦਾ ਮਹੱਤਵਪੂਰਨ ਸਥਾਨ ਹੈ। ਦੀਨਾਂ ਤੇ ਕਾਂਗੜ ਵਾਸਤਵ ਵਿਚ ਦੋ ਜੁੜਵੇਂ ਪਿੰਡ ਹਨ ਅਤੇ ਇਤਿਹਾਸਕ ਪ੍ਰਕਰਣ ਵਿਚ ਇਕੋ ਕਰ ਕੇ ਜਾਣੇ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਇਥੇ ਤਕਰੀਬਨ ਦੋ ਮਹੀਨੇ ਠਹਿਰੇ ਅਤੇ ਉਨ੍ਹਾਂ ਨੇ ਇਥੋਂ ਦਿੱਲੀ ਦੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਨਾਂ ਇਕ ਇਤਿਹਾਸਕ ਚਿੱਠੀ ਫਾਰਸੀ ਸ਼ੇਅਰਾਂ ਵਿਚ ਲਿਖੀ, ਜਿਸ ਨੂੰ ਆਮ ਕਰ ਕੇ "ਜ਼ਫਰਨਾਮਾ" ਵਜੋਂ ਜਾਣਿਆ ਜਾਂਦਾ ਹੈ। ਫਾਰਸੀ ਉਸ ਵਕਤ ਦੀ ਸਰਕਾਰੀ ਭਾਸ਼ਾ ਸੀ। ਜ਼ਫਰਨਾਮਾ ਦਾ ਹਰ ਇਕ ਸ਼ੇਅਰ ਅਣਖ, ਸਵੈਮਾਨ ਤੇ ਪ੍ਰਭੂ ਭਰੋਸਾ ਜਗਾਉਂਦਾ ਹੈ। ਇਨ੍ਹਾਂ ਸ਼ੇਅਰਾਂ ਦੀ ਪ੍ਰੇਰਨਾ ਸਦਕਾ ਹੀ ਸਦੀਆਂ

mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਤੋਂ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਪੰਜਾਬੀਆਂ ਅੰਦਰ ਆਜ਼ਾਦੀ ਦੀ ਜੰਗ ਦਾ ਵਲਵਲਾ ਠਾਠਾਂ ਮਾਰਨ ਲਗਾ। ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰ ਜ਼ੁਲਮ, ਜਬਰ ਤੇ ਤਕੱਬਰ ਵਿਰੁਧ ਤਲਵਾਰ ਉਠਾਣ ਲਈ ਲਲਕਾਰ ਕੇ ਆਖਿਆ :

"ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ।"
"ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।"

"ਜ਼ਫਰਨਾਮਾਂ" ਉਹ ਮਹਾਨ ਵਿਜ਼ੇ-ਪੱਤਰ ਹੈ, ਜਿਸ ਦੀ ਸਦੀਵੀ ਆਭਾ ਤੇ ਚਮਕ ਔਰੰਗਜ਼ੇਬ ਦੀ ਬਾਦਸ਼ਾਹਤ ਦੇ ਸੀਮਤ ਕਾਲ ਦੀਆਂ ਸੀਮਤ ਘਟਨਾਵਾਂ ਨੂੰ ਟੱਪ ਕੇ ਸਦੀਆਂ ਨੂੰ ਆਰ ਪਾਰ ਕਰਦੀ ਹੋਈ ਜ਼ਿੰਦਗੀ ਦੀਆਂ ਬੁਨਿਆਦੀ ਕੀਮਤਾਂ ਨੂੰ ਦ੍ਰਿੜ੍ਹ ਕਰਵਾਉਂਦੀ ਹੈ ਅਤੇ ਹਰ ਪਾਠਕ ਦੇ ਹਿਰਦੇ ਉਤੇ ਆਪਣੀ ਛਾਪ ਲਾ ਦਿੰਦੀ ਹੈ। ਤਾਂ ਹੀ, ਗੋਬਿੰਦ ਮਾਰਗ ਦੇ ਉਦਘਾਟਨ ਦੇ ਖੁਸ਼ੀ ਭਰੇ ਮੌਕੇ ਉਤੇ "ਜ਼ਫਰਨਾਮਾ" ਦਾ ਨਵਾਂ ਐਡੀਸ਼ਨ ਛਾਪ ਕੇ ਜਨਤਾ ਨੂੰ ਭੇਟ ਕੀਤਾ ਜਾ ਰਿਹਾ ਹੈ।

ਮੈਂ ਭਾਸ਼ਾ ਵਿਭਾਗ, ਪੰਜਾਬ ਨੂੰ ਇਸ ਉਪਰਾਲੇ ਲਈ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪੰਜਾਬ ਦੇ ਲੋਕ ਗੁਰੂ ਗੋਬਿੰਦ ਸਿੰਘ ਜੀ ਦੇ ਦਰਸਾਏ ਜੀਵਨ ਮਾਰਗ ਉਤੇ ਚਲ ਕੇ ਆਪਣਾ ਜੀਵਨ ਸਫਲਾ ਕਰਨਗੇ ਅਤੇ ਜ਼ਿੰਦਗੀ ਦੇ ਹਰ ਮੋੜ ਉਤੇ ਉਸ ਤੋਂ ਅਗਵਾਈ ਲੈਂਦੇ ਰਹਿਣਗੇ।

mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

mandegar.tarikhema.org




tarikhema.ir

CC-0. Kashmir Research Institute, Srinagar. Digitized by eGangotri

pdf.tarikhema.org

tarikhema.org

mandegar.tarikhema.org

tarikhema.ir

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ,
ਨਿਸਚੈ ਕਰ ਆਪਨੀ ਜੀਤ ਕਰੋਂ ॥
ਅਰੁ ਸਿਖਹੌ ਆਪਨੇ ਹੀ ਮਨ ਕੌ,
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ ॥

ਚੰਡੀ ਚਰਿਤ੍ਰ



CC-0. Kashmir Research Institute, Srinagar. Digitized by eGangotri

pdf.tarikhema.org

tarikhema.org

ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ ॥
ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ ॥
ਹੱਕ ਰਾ ਗੰਜੂਰ ਗੁਰੂ ਗੋਬਿੰਦ ਸਿੰਘ ॥
ਜੁਮਲਾ ਫ਼ੈਜ਼ਿ ਨੂਰ ਗੁਰੂ ਗੋਬਿੰਦ ਸਿੰਘ ॥
ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ ॥
ਸ਼ਾਹਿ ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ ॥
ਬਰ ਦੋ ਆਲਮ ਸ਼ਾਹ ਗੁਰੂ ਗੋਬਿੰਦ ਸਿੰਘ ॥
ਖਸਮ ਰਾ ਜਾਂ ਕਾਹ ਗੁਰੂ ਗੋਬਿੰਦ ਸਿੰਘ ॥
ਖ਼ਾਲਸੋ ਬੇਕੀਨਾ ਗੁਰੂ ਗੋਬਿੰਦ ਸਿੰਘ ॥
ਹੱਕ ਹੱਕ ਆਈਨਾ ਗੁਰੂ ਗੋਬਿੰਦ ਸਿੰਘ ॥
ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ ॥
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ॥
ਕਾਦਿਰੇ ਹਰ ਕਾਰ ਗੁਰੂ ਗੋਬਿੰਦ ਸਿੰਘ ।
ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ ॥
ਸਾਜਦੋ ਮਸਜੂਦ ਗੁਰੂ ਗੋਬਿੰਦ ਸਿੰਘ ॥
ਜੁਮਲਾ ਫ਼ੈਜ਼ੋ ਜੂਦ ਗੁਰੂ ਗੋਬਿੰਦ ਸਿੰਘ ॥



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਸਰਵਰਾਂ ਰਾ ਤਾਜ ਗੁਰੂ ਗੋਬਿੰਦ ਸਿੰਘ ॥
ਬਰਤਰੀਂ ਮਿਅਰਾਜ ਗੁਰੂ ਗੋਬਿੰਦ ਸਿੰਘ ॥
ਜ਼ੁਮਲਾ ਦਰ ਫ਼ੁਰਮਾਨਿ ਗੁਰੂ ਗੋਬਿੰਦ ਸਿੰਘ ॥
ਬਰਤਰਆਮਦ ਸ਼ਾਨਿ ਗੁਰੂ ਗੋਬਿੰਦ ਸਿੰਘ ॥
ਹਰ ਦੂ ਆਲਮ ਖ਼ੈਲਿ ਗੁਰੂ ਗੋਬਿੰਦ ਸਿੰਘ ॥
ਜੁਮਲਾ ਅੰਦਰ ਜ਼ੈਲਿ ਗੁਰੂ ਗੋਬਿੰਦ ਸਿੰਘ ॥
ਵਾਹਿਬੋ ਵੱਹਾਬ ਗੁਰੂ ਗੋਬਿੰਦ ਸਿੰਘ ॥
ਫਾਤਿਹੇ ਹਰ ਬਾਬ ਗੁਰੂ ਗੋਬਿੰਦ ਸਿੰਘ ॥
ਸ਼ਾਮਲਉਲ ਅਸ਼ਫਾਕ ਗੁਰੂ ਗੋਬਿੰਦ ਸਿੰਘ ॥
ਕਾਮਲਉਲ ਅਖ਼ਲਾਕ ਗੁਰੂ ਗੋਬਿੰਦ ਸਿੰਘ ॥
ਰੂਹ ਦਰ ਹਰ ਜਿਸਮ ਗੁਰੂ ਗੋਬਿੰਦ ਸਿੰਘ ॥
ਨੂਰ ਦਰ ਹਰ ਚਸ਼ਮ ਗੁਰੂ ਗੋਬਿੰਦ ਸਿੰਘ ॥

(ਤੌਸੀਫ਼ੋ ਸਨਾ, ਭਾਈ ਨੰਦ ਲਾਲ ਗੋਇਆ ਵਿਚੋਂ)



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

੧ੳ ਸ੍ਰੀ ਵਾਹਿਗੁਰੂ ਜੀ ਕੀ ਫਤਿਹ ।

# ਜ਼ਫ਼ਰਨਾਮਾ

کمالِ کرامات قائم کریم
رضا بخش و رازق رہاکن رحیم

**ਕਮਾਲਿ ਕਰਾਮਾਤ ਕਾਇਮ ਕਰੀਮ**
**ਰਜ਼ਾ ਬਖਸ਼ੋ ਰਾਜ਼ਿਕ ਰਿਹਾਕੁਨ ਰਹੀਮ । ੧**

**ਅਰਥ**

| | | |
|---|---|---|
| ਜ਼ਫ਼ਰਨਾਮਾ | ... | ਫ਼ਤਿਹ ਦੀ ਚਿੱਠੀ, ਵਿਜੈ-ਪਤ੍ਰ । |
| ਕਮਾਲਿ ਕਰਾਮਾਤ | ... | ਅਲੌਕਿਕ ਸ਼ਕਤੀਆਂ ਦਾ ਸਿਖ਼ਰ । |
| ਕਾਇਮ | ... | ਹਮੇਸ਼ਾ ਰਹਿਣ ਵਾਲਾ । |
| ਕਰੀਮ | ... | ਕ੍ਰਿਪਾਲੂ । |
| ਰਜ਼ਾ-ਬਖਸ਼ | ... | ਖੁਸ਼ੀਆਂ ਦੇਣ ਵਾਲਾ । |
| ਰਿਹਾਕੁਨ | ... | ਮੁਕਤੀ ਦੇਣ ਵਾਲਾ । |

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਬਾਦਸ਼ਾਹ ਦੇ ਨਾਂ ਜੋ ਚਿੱਠੀ ਲਿਖੀ, ਉਹ ਜ਼ਫ਼ਰਨਾਮਾਂ ਨਾਂ ਕਰਕੇ ਪ੍ਰਸਿੱਧ ਹੈ । ਆਪ ਪਹਿਲ ਅਕਾਲਪੁਰਖ ਦਾ ਮੰਗਲਾਚਰਣ ਕਰਦੇ ਕਹਿੰਦੇ ਹਨ । (ਹੇ ਪਰਮੇਸ਼ਰ) ! ਤੂੰ ਅਲੋਕਿਕ ਸ਼ਕਤੀਆਂ ਦਾ ਸਿਖਰ, ਹਮੇਸ਼ਾਂ ਰਹਿਣ ਵਾਲਾ ਤੇ ਕ੍ਰਿਪਾਲੂ ਹੈਂ । ਤੂੰ ਖੁਸ਼ੀਆਂ ਬਖਸ਼ਣ ਵਾਲਾ, ਰਿਜ਼ਕਦਾਤਾ, ਮੁਕਤੀ-ਦਾਤਾ ਅਤੇ ਰਹਿਮ ਕਰਨ ਵਾਲਾ ਹੈਂ ।

*ਪਾਠਾਂਤਰ—ਰਿਹਾਕੋ



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

امان بخش بخشنده و دستگیر
خطا بخش روزی ده و دلپذیر

ਅਮਾਂ-ਬਖਸ਼, ਬਖਸ਼ਿੰਦ : ਓ ਦਸਤਗੀਰ ।
ਖ਼ਤਾ-ਬਖਸ਼, ਰੋਜ਼ੀ-ਦਿਹੋ ਦਿਲ ਪਜ਼ੀਰ । ੨

**ਅਰਥ**

ਅਮਾਂ—ਬਖਸ਼ ... ਸ਼ਰਨ ਦੇਣ ਵਾਲਾ ।
ਦਸਤਗੀਰ ... ਬਾਂਹ ਫੜਨ ਵਾਲਾ ।
ਖ਼ਤਾ—ਬਖ਼ਸ਼ ... ਭੁੱਲਾਂ ਬਖਸ਼ਣ ਵਾਲਾ ।
ਦਿਲ ਪਜ਼ੀਰ ... ਮਨ ਨੂੰ ਪਿਆਰਾ ਲਗਣ ਵਾਲਾ, ਮਨਮੋਹਨ ।

ਤੂੰ ਸ਼ਰਨ ਪਏ ਦੀ ਲਾਜ ਰੱਖਣ ਵਾਲਾ, ਬਖਸ਼ਣ ਵਾਲਾ ਅਤੇ (ਔਖ ਵੇਲੇ) ਬਾਂਹ ਫੜਨ ਵਾਲਾ ਹੈਂ । ਤੂੰ ਭੁੱਲਾਂ ਮਾਫ਼ ਕਰਨ ਵਾਲਾ, ਰੋਜ਼ੀ ਦਾਤਾ ਅਤੇ ਮਨ ਨੂੰ ਪਿਆਰਾ ਲਗਣ ਵਾਲਾ ਹੈਂ ।

شهنشاه خوبی ده و رهنمون
که بیگون و بیچون چو بی نمون

ਸ਼ਹਿਨਸ਼ਾਹਿ ਖ਼ੂਬੀ-ਦਿਹੋ ਰਹਨਮੂੰ ।
ਕਿ ਬੇਗੂਨੋ ਬੇਚੂੰ, ਚੂੰ ਬੇਨਮੂੰ । ੩

**ਅਰਥ**

ਖ਼ੂਬੀ-ਦਿਹ ... ਨੇਕੀਆਂ ਦੇਣ ਵਾਲਾ ।
ਰਹਨਮੂੰ ... ਰਸਤਾ ਦਿਖਾਉਣ ਵਾਲਾ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

| | | |
|---|---|---|
| ਬੇਗੂੰ | ... | ਅਰੰਗ |
| ਬੇਚੂੰ | ... | ਅਰੂਪ । |
| ਬੇਨਮੂੰ | ... | ਬੇਮਿਸਾਲ, ਅਦੁਤੀ । |

ਤੂੰ ਨੇਕੀਆਂ ਦੇਣ ਵਾਲਾ, ਸ਼ਹਿਨਸ਼ਾਹ ਅਤੇ ਰਸਤਾ ਦਿਖਾਉਣ ਵਾਲਾ ਹੈਂ । ਤੂੰ ਰੰਗ ਰੂਪ ਤੋਂ ਰਹਿਤ ਅਤੇ ਬਮਿਸਾਲ ਹੈਂ ।

نہ ساز و نہ باز و نہ فوج و نہ فرش
خداوند بخشندۂ عیش عرش

ਨ ਸਾਜ਼ੋ ਨ ਬਾਜ਼ੋ ਨ ਫ਼ੌਜੋ ਨ ਫ਼ਰਸ਼ ।
ਖ਼ੁਦਾਵੰਦ ਬਖ਼ਸ਼ਿੰਦਏ ਐਸ਼ ਅਰਸ਼ । ੪

ਅਰਥ

| | | |
|---|---|---|
| ਸਾਜ਼ | ... | ਸਮਾਨ, ਸਮੱਗਰੀ । |
| ਫਰਸ਼ | ... | ਗਲੀਚੇ ਆਦਿ । |
| ਐਸ਼ ਅਰਸ਼ | ... | ਸੁਰਗੀ ਸੁਖ । |

ਜਿਸ ਪਾਸ ਕੋਈ ਸਾਜ਼ ਸਮਾਨ ਤੇ ਫ਼ੌਜ ਵਗੈਰਾ ਨਾ ਹੋਵੇ, ਤੂੰ ਉਸਨੂੰ ਵੀ ਸੁਰਗੀ ਅਨੰਦ ਬਖਸ਼ਣ-ਵਾਲਾ ਹੈਂ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

جهان پاک زبرست ظاهر ظهور
عظامی ده و همچو حاضر حضور †

ਜਹਾਂ ਪਾਕ ਜ਼ਬਰਸਤ, ਜ਼ਾਹਿਰ ਜ਼ਹੂਰ ।
ਉਜ਼ਾਮੀ-ਦਿਹੋ ਹਮਚੂ ਹਾਜ਼ਿਰ ਹੁਜ਼ੂਰ †। ੫

ਅਰਥ

| | | |
|---|---|---|
| ਜ਼ਬਰ | ... | ਜ਼ੋਰਾਵਰ, ਸਮਰੱਥਾਵਾਨ । |
| ਉਜ਼ਾਮੀ | ... | ਬਜ਼ੁਰਗੀ, ਵਡਿਆਈ । |
| ਹਮਚੂ | ... | ਵਾਂਙ, ਮਾਨਿਦ । |

ਸੰਸਾਰ ਤੋਂ ਨਿਰਲੇਪ, ਸਾਖਿਅਤ ਰੂਪ ਅਤੇ ਸਮਰਥਾ ਵਾਲਾ ਹੈ । ਉਹ ਵਡਿਆਈਆਂ ਬਖਸ਼ਣ ਵਾਲਾ ਤੇ ਹਰ ਥਾਂ ਮੌਜਦ ਹੈ ।

عطا بخش از پاک پروردگار
رحیم است و روزی ده هر دیار

ਅਤਾ ਬਖ਼ਸ਼ ਓ ਪਾਕ ਪਰਵਰਦਗਾਰ ।
ਰਹੀਮ ਅਸਤੋ ਰੋਜ਼ੀ ਦਿਹੋ ਹਰ ਦਿਯਾਰ ।* ੬

†ਪਾਠਾਂਤ੍ਰ—ਅਤਾ ਮੇ ਦਿਹਦ ਹਮਚੂੰ ਹਾਜ਼ਿਰ ਹੁਜ਼ੂਰ ।
*ਪਾਠਾਂਤ੍ਰ—ਖ਼ੁਦਾਵੰਦ ਰੋਜ਼ੀ ਦਿਹੋ ਹਰ ਦਿਯਾਰ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

**ਅਰਥ**

ਅਤਾ ਬਖਸ਼ ... ਬਖਸ਼ਸ਼ਾਂ ਕਰਨ ਵਾਲਾ ।
ਪਰਵਰਦਗਾਰ ... ਪਾਲਣਹਾਰ ।
ਰਹੀਮ ... ਦਯਾਲੂ ।
ਦਿਯਾਰ ... ਮਲਕ (ਥਾਂ ਥਾਂ) ।

ਉਹ ਪਰਮਾਤਮਾ ਬਖਸ਼ਸ਼ਾਂ ਕਰਨ ਵਾਲਾ, ਪਾਵਨ ਪਵਿੱਤਰ ਤੇ ਪਾਲਣਹਾਰ ਹੈ । ਦਯਾਲੂ ਥਾਂ ਥਾਂ ਰੋਜ਼ੀ ਪਹੁੰਚਾਉਣ ਵਾਲਾ ਹੈ ।

که صاحب دیار است اعظم عظیم
که حسن الجمال است رازق رحیم

ਕਿ ਸਾਹਿਬ ਦਿਯਾਰ ਅਸਤ, ਆਜ਼ਮ ਅਜ਼ੀਮ ।
ਕਿ ਹੁਸਨੁਲਜਮਾਲ ਅਸਤ ਰਾਜ਼ਿਕ ਰਹੀਮ । ੭

**ਅਰਥ**

ਸਾਹਿਬ ਦਿਯਾਰ ... ਮੁਲਕਾਂ ਦਾ ਵਾਲੀ ।
ਆਜ਼ਮ ਅਜ਼ੀਮ ... ਵਡਿਆਂ ਤੋਂ ਵੱਡਾ ।
ਹੁਸਨੁਲ ਜਮਾਲ ... ਅਤਿ ਸੁੰਦਰ ।

ਉਹ ਪਰਮਾਤਮਾ ਦੇਸਾਂ ਦੇਸਾਂ ਦਾ ਵਾਲੀ ਅਤੇ ਵੱਡਿਆਂ ਤੋਂ ਵੀ ਵੱਡਾ ਹੈ । ਉਹ ਸਭ ਤੋਂ ਵਧ ਸੁੰਦਰ, ਰਿਜ਼ਕ-ਦਾਤਾ ਅਤੇ ਰਹਿਮਤਾਂ ਕਰਨ ਵਾਲਾ ਹੈ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

که صاحب شعور است عاجز نواز
غریب الپرست و غنیم الگداز

ਕਿ ਸਾਹਿਬ ਸ਼ਊਰ ਅਸਤ ਆਜਿਜ਼-ਨਵਾਜ਼ ।
ਗ਼ਰੀਬੁਲ-ਪ੍ਰਸਤੋ, ਗ਼ਨੀਮੁਲ-ਗੁਦਾਜ਼ । ੮

**ਅਰਥ**

ਸਾਹਿਬ-ਸ਼ਊਰ ... ਸੋਝੀਵਾਨ, ਪ੍ਰਬੀਨ ।
ਆਜਿਜ਼-ਨਵਾਜ਼ ... ਨਿਮਾਣਿਆਂ ਨੂੰ ਨਿਵਾਜਣ ਵਾਲਾ ।
ਗ਼ਰੀਬੁਲ-ਪ੍ਰਸਤ ... ਗਰੀਬਾਂ ਅਨਾਥਾਂ ਦੀ ਪਾਲਣਾ ਪੋਸਣਾ ਕਰਨ ਵਾਲਾ
ਗ਼ਨੀਮੁਲ-ਗੁਦਾਜ਼ .. ਦੁਸ਼ਮਣਾਂ ਨੂੰ ਮਾਰਨ ਵਾਲਾ ।

ਪਰਮਾਤਮਾ ਪਰਮ ਸੋਝੀਵਾਨ ਹੈ ਅਤੇ ਨਿਮਾਣਿਆਂ ਨੂੰ ਨਿਵਾਜਣ ਵਾਲਾ ਹੈ । ਉਹ ਅਨਾਥਾਂ ਦਾ ਪਾਲਕ ਤੇ ਦੁਸ਼ਮਣਾਂ ਨੂੰ ਖੈ ਕਰਨ ਵਾਲਾ ਹੈ ।

شریعت پرست و فضیلت مآب
حقیقت شناس و نبی الکتاب

ਸ਼ਰੀਅਤ-ਪ੍ਰਸਤੋ ਫ਼ਜ਼ੀਲਤ-ਮਆਬ ।
ਹਕੀਕਤ-ਸ਼ਨਾਸੋ ਨਬੀਉਲ-ਕਿਤਾਬ । ੯



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

**ਅਰਥ**

ਸ਼ਰੀਅਤ ਪ੍ਰਸਤ .. ਧਰਮ ਪਾਲਕ ।
ਫ਼ਜ਼ੀਲਤ ਮਆਬ .. ਵਡਿਆਈ ਦਾ ਅਸਥਾਨ ।
ਹਕੀਕਤ ਸ਼ਨਾਸ਼ .. ਅਸਲੀਅਤ ਨੂੰ ਪਛਾਣਨ ਵਾਲਾ ।
ਨਬੀਉਲ ਕਿਤਾਬ .. ਇਲਹਾਮੀ ਕਿਤਾਬਾਂ ਦਾ ਪ੍ਰਕਾਸ਼ ਕਰਨ ਵਾਲਾ

ਉਹ ਧਰਮ–ਪਾਲਕ ਤੇ ਵਡਿਆਈਆਂ ਦਾ ਕੇਂਦਰ ਹੈ । ਉਹ ਤੱਤ ਨੂੰ ਜਾਣਨ ਵਾਲਾ ਤੇ ਧਰਮ-ਗ੍ਰੰਥਾਂ ਦਾ ਪ੍ਰਕਾਸ਼ਤ ਸੋਮਾ ਹੈ ।

که دانش پژوهست صاحب شعور
حقیقت شناسست و ظاهر ظهور

ਕਿ ਦਾਨਿਸ਼ ਪਿਜ਼ੂਹਸਤ ਸਾਹਿਬ ਸ਼ਊਰ ।
ਹਕੀਕਤ-ਸ਼ਨਾਸਸਤੁ ਜ਼ਾਹਿਰ, ਜ਼ਹੂਰ । ੧੦

**ਅਰਥ**

ਦਾਨਿਸ਼ ਪਿਜ਼ੂਹ .. ਗਿਆਨ ਦਾ ਖੋਜੀ ।
ਸਾਹਿਬ ਸ਼ਊਰ .. ਚਤੁਰ, ਨਿਪੁਣ ।

ਉਹ ਨਿਪੁਣਤਾ ਦਾ ਪੁੰਜ ਪ੍ਰਭੂ ਗਿਆਨ ਦਾ ਚਾਹੁਣ ਵਾਲਾ ਹੈ । ਉਹ ਤਤ ਵੇਤਾ ਅਤੇ ਹਰ ਥਾਂ ਪ੍ਰਤੱਖ ਹੈ ।

شناسندهٔ علم عالم خدای
گشایندهٔ کارِ عالم گشای

ਸ਼ਨਾਸਿੰਦ–ਏ ਇਲਿਮਿ ਆਲਮ ਖ਼ੁਦਾਇ ।
ਕੁਸ਼ਾਇੰਦ, : ਏ ਕਾਰਿ ਆਲਮ ਕੁਸ਼ਾਇ । ੧੧



CC-0. Kashmir Research Institute, Srinagar. Digitized by eGangotri

pdf.tarikhema.org

mandegar.tarikhema.org

tarikhema.ir

tarikhema.org

**ਅਰਥ**

ਸ਼ਨਾਸਿੰਦਾ .. ਪਛਾਣਨ ਵਾਲਾ ।
ਇਲਮਿ ਆਲਮ .. ਸੰਸਾਰ ਦਾ ਗਿਆਨ ।
ਕੁਸ਼ਾਂਇੰਦ: .. (ਗੁੰਝਲਾਂ) ਖੋਲ੍ਹਣ ਵਾਲਾ ।

ਉਹ ਪ੍ਰਮਾਤਮਾ ਸੰਸਾਰ ਦੇ ਸਭ ਇਲਮਾਂ ਦਾ ਗਿਆਤਾ ਹੈ । ਉਹ ਮੁਸ਼ਕਲਾਂ ਹੱਲ ਕਰਨ ਵਾਲਾ ਅਰਥਾਤ ਸੰਸਾਰਕ ਔਕੜਾਂ ਨੂੰ ਦੂਰ ਕਰਨ ਵਾਲਾ ਹੈ ।

گذارندهٔ کارِ عالم کبیر
شناسندهٔ علمِ عالم امیر

ਗੁਜ਼ਾਰਿੰਦ : ਏ ਕਾਰਿ ਆਲਮ ਕਬੀਰ ।
ਸ਼ਨਾਸਿੰਦ : ਏ ਇਲਮਿ ਆਲਮ ਅਮੀਰ । ੧੨

**ਅਰਥ**

ਗੁਜ਼ਾਰਿੰਦ .. ਚਲਾਉਣ ਵਾਲਾ ।
ਕਾਰਿ ਆਲਮ .. ਸੰਸਾਰ ਦਾ ਕੰਮ ।
ਕਬੀਰ .. ਵੱਡਾ
ਅਮੀਰ .. ਮੁਖੀ, ਸ਼ਿਰੋਮਣੀ ।

ਉਹ ਮਹਾਨ ਹਸਤੀ ਇਸ ਵੱਡੇ ਸੰਸਾਰ ਦੇ ਸਾਰੇ ਕੰਮ ਨੂੰ ਚਲਾਉਣ ਵਾਲੀ ਹੈ ਅਤੇ ਉਸ ਸ਼ਿਰੋਮਣੀ ਪ੍ਰਭੂ ਨੂੰ ਸਾਰੇ ਸੰਸਾਰ ਦਾ ਗਿਆਨ ਹੈ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

# داستان

مرا اعتبارے برین قسم نیست
کہ ایزد گواہست و یزداں یکیست

ਦਾਸਤਾਨ

ਮਰਾ ਇਅਤਬਾਰੇ ਬਰੀਂ ਕਸਮ ਨੇਸਤ ।
ਕਿ ਏਜ਼ਦ ਗਵਾਹਸਤੁ ਯਜ਼ਦਾਂ ਯਕੇਸਤ । ੧੩

ਅਰਥ

| | | |
|---|---|---|
| ਦਾਸਤਾਨ | ... | ਕਹਾਣੀ, ਵਿਥਿਆ । |
| ਬਰੀਂ | ... | ਇਸ ਉਤੇ । |
| ਏਜ਼ਦ | ... | ਪਰਮੇਸ਼ਰ । |
| ਯਜ਼ਦਾਂ | ... | ਰਬ । |

ਪ੍ਰਭੂ ਦੀ ਉਸਤਤੀ ਪਿੱਛੋਂ ਗੁਰੂ ਸਾਹਿਬ ਚਿਠੀ ਦੇ ਅਸਲ ਮਜ਼ਮੂਨ ਵਲ ਆਉਂਦੇ ਹਨ ਤੇ ਉਸ ਸਾਰੀ ਵਿਥਿਆ ਦਾ ਬਿਆਨ ਕਰਦੇ ਹਨ ।

(ਦੇਖ) ਇਕੋ ਇਕ ਵਾਹਿਗੁਰੂ ਸਾਖੀ ਹੈ, ਮੈਨੂੰ ਤੇਰੀ ਇਸ ਕਸਮ ਉੱਤੇ ਕੋਈ ਭਰੋਸਾ ਨਹੀਂ ।

نہ قطرہ مرا اعتبارے بروست
کہ بخشی و دیواں ہمہ کذب گوست

ਨ ਕਤਰ : ਮਰਾ ਇਅਤਬਾਰਿ ਬਰੋਸਤ ।
ਕਿ ਬਖਸ਼ੀ ਵ ਦੀਵਾਂ, ਹਮਾਂ ਕਿਜ਼ਬ-ਗੋਸਤ । ੧੪



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

**ਅਰਥ**

ਕਤਰ: ... ਰੱਤਾ ਜਿੱਨਾ ।
ਬਖਸ਼ੀ ... ਮੁਖੀ, ਫ਼ੌਜੀ ਅਫ਼ਸਰ, ਸੈਨਾਪਤੀ ।
ਦੀਵਾਨ ... ਵਜ਼ੀਰ ।

ਮੈਨੂੰ ਉਸ ਉੱਤੇ ਰਤਾ ਭਰ ਵੀ ਭਰੋਸਾ ਨਹੀਂ, ਜਿਸਦੇ ਬਖਸ਼ੀ ਤੇ ਦੀਵਾਨ (ਅਰਥਾਤ ਸੈਨਿਕ ਤੇ ਅਸੈਨਿਕ ਅਧਿਕਾਰੀ ਦੋਵੇਂ) ਸਾਰੇ ਹੀ ਝੂਠ ਬੋਲਣ ਵਾਲੇ ਹੋਣ ।

کسے قولِ قراں کند اعتبار
ہماں روزِ آخر شود مرد خوار

ਕਸੇ ਕੌਲਿ ਕੁਰਆਂ ਕੁਨਦ ਇਅਤਬਾਰ ।
ਹਮਾ ਰੌਜ਼ਿ ਆਖ਼ਿਰ, ਸ਼ਵਦ ਮਰਦ ਖ਼੍ਵਾਰ । ੧੫

**ਅਰਥ**

ਕੌਲ ... ਬਚਨ ।
ਰੋਜ਼ਿਆਖ਼ਿਰ .. ਕਿਆਮਤ ਵਾਲਾ ਦਿਨ ।
ਖ਼੍ਵਾਰ ... ਖੱਜਲ ਖੁਆਰ, ਦੁਖੀ ।
ਸ਼ਵਦ .. ਹੁੰਦਾ ਹੈ ।

ਜੋ ਆਦਮੀ (ਤੇਰੀ) ਕੁਰਾਨ ਦੀ ਸਹੁੰ ਉਤੇ ਵਿਸ਼ਵਾਸ ਕਰ ਲਵੇ, ਉਹ ਅੰਤ ਨੂੰ ਖੁਆਰ ਹੁੰਦਾ ਹੈ ।

ہُمارا کسے سایہ آید بزیر
برو دست دارد نہ زاغِ دلیر

ਹੁਮਾ ਰਾ ਕਸੇ ਸਾਯ : ਆਯਦ ਬਜ਼ੇਰ ।
ਬਰੋ ਦਸਤ ਦਾਰਦ ਨ ਜ਼ਾਗ਼ੇ ਦਲੇਰ । ੧੬



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

**ਅਰਥ**

| | | |
|---|---|---|
| ਹੁਮਾ | ... | ਇਕ ਪ੍ਰਕਾਰ ਦਾ ਪੰਛੀ ਜਿਸ ਬਾਰੇ ਇਹ ਪ੍ਰਸਿਧ ਹੈ ਕਿ ਉਹ ਜਿਸਦੇ ਸਿਰ ਤੋਂ ਲੰਘ ਜਾਵੇ ਉਹ ਬਾਦਸ਼ਾਹ ਬਣ ਜਾਂਦਾ ਹੈ। |
| ਜ਼ਾਗ਼ | .. | ਕਾਂ। |
| ਦਸਤ | ... | ਹੱਥ ਭਾਵ ਕਾਬੂ। |

ਜੋ ਕੋਈ ਹੁਮਾ ਦੇ ਪਰਛਾਵੇਂ ਥੱਲੇ ਆ ਗਿਆ, ਉਸਨੂੰ ਕਾਂ ਹੱਥ ਨਹੀਂ ਪਾ ਸਕਦਾ। ਭਾਵ ਇਹ ਹੈ ਕਿ ਮੇਰੇ ਸਿਰ ਉੱਤੇ ਪਰਮੇਸ਼ਰ ਦਾ ਸਾਇਆ ਹੈ, ਇਸ ਲਈ ਚਾਲਾਕ ਕਾਂ ਮੇਰਾ ਕੁਝ ਨਹੀਂ ਵਿਗਾੜ ਸਕਦੇ।

کسے پشت افتد پس شیر نر
نگیرد بز و میش و آہو گذر

ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ।
ਨਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ। ੧੭

**ਅਰਥ**

| | | |
|---|---|---|
| ਪੁਸ਼ਤ ਉਫ਼ਤਾਦਨ | ... | ਸ਼ਰਣ ਲੈਣਾ। |
| ਬੁਜ਼ | ... | ਬੱਕਰੀ। |
| ਮਸ਼ | .. | ਭੇਡ। |
| ਆਹੂ | ... | ਹਿਰਨ। |

ਜੋ ਕੋਈ ਨਰ ਸ਼ੇਰ ਦੀ ਸ਼ਰਣ ਲੈ ਲੈਂਦਾ ਹੈ, ਬੱਕਰੀ, ਭੇਡ, ਅਤੇ ਹਿਰਨ ਆਦਿ ਉਸ ਦੇ ਲਾਗੇ ਦੀ ਵੀ ਨਹੀਂ ਲੰਘ ਸਕਦੇ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

† بہ مصحف قسم خفیہ گر خوردے
نہ یک گام ہم پیش ازاں بردے

ਬ ਮੁਸਹਫ਼ ਕਸਮ ਖ਼ੁਫ਼ਯ : ਗਰ ਖ਼ੁਰਦਮੇ ।
ਨ ਯਕ ਗਾਮ ਹਮ ਪੇਸ਼ ਅਜ਼ਾਂ ਬੁਰਦਮੇ । ੧੮

ਅਰਥ

ਮੁਸਹਫ਼ ... ਕੁਰਾਨ ਸ਼ਰੀਫ਼ ।
ਖ਼ੁਫ਼ਯ: .. ਗੁਪਤ ।

ਜੇਕਰ ਮੈਂ ਕੁਰਾਨ ਦੀ ਕਸਮ ਗੁਪਤ ਰੂਪ ਵਿੱਚ ਵੀ ਖਾਧੀ ਹੁੰਦੀ ਤਾਂ ਅਪਣੀ ਥਾਂ ਤੋਂ ਇਕ ਕਦਮ ਵੀ ਅੱਗੇ ਨਾ ਵਧਦਾ । ਭਾਵ ਇਹ ਕਿ ਤੂੰ ਕਸਮ ਖਾ ਕੇ ਵੀ ਉਸ ਉੱਤੇ ਕਾਇਮ ਨਹੀਂ ਰਿਹਾ ।

گرسنہ چہ کارے کند چہل نر
کہ دہ لک برآید بروے بے خبر

ਗੁਰਸਨਾ : ਚਿ ਕਾਰੇ ਕੁਨਦ ਚਿਹਲ ਨਰ ।
ਕਿ ਦਹ ਲਕ ਬਰਾਯਦ†† ਬਰੂ ਬੇਖ਼ਬਰ ।੧੯

ਅਰਥ

ਗੁਰਸਨ: ... ਭੁਖਾ ।
ਚਿਹਲ ਨਰ ... ਚਾਲੀ ਆਦਮੀ ।

---

† ਪਾਠਾਂਤ੍ਰ—ਕਸਮ ਮੁਸਹਫੇ ਖ਼ਦੀਅਹ ਗਰ ਈਂ ਖ਼ੁਰਮ,
ਨਾ ਫੌਜੇ ਅਜੀਜ਼ੇ ਰਾ ਸੁਮ ਅਫਗਨਮ (ਖਾ. ਟ੍ਰੈ. ਸੁ.)

†† ਬਿਆਯਦ (ਦਸਮ ਗ੍ਰੰਥ ਸੰਗਰੂਰ)



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

| | |
|---|---|
| ਦਹ ਲਕ | ... ਦਸ ਲਖ ਭਾਵ ਅਣ-ਗਿਣਤ । |
| ਬਰ ਆਮਦਨ | ... ਨਿਕਲ ਪੈਣਾ, ਭਾਵ ਹਮਲਾ ਕਰਨਾ । |

ਭੁੱਖਣ ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ ਜੇ ਉਨ੍ਹਾਂ ਉੱਤੇ ਅਚਨਚੇਤ ਅਣਗਿਣਤ ਫ਼ੌਜ ਟੁਟ ਪਵੇ ।

کہ پیماں شکن بیدرنگ آمدند
میاں تیغ و تیر و تفنگ آمدند

ਕਿ ਪੈਮਾਂ ਸ਼ਿਕਨ ਬੇਦਰੰਗ ਆਮਦੰਦ ।
ਮਯਾਂ† ਤੇਗੋ ਤੀਰੋ ਤੁਫ਼ੰਗ ਆਮਦੰਦ । ੨੦

ਅਰਥ

| | |
|---|---|
| ਪਮਾਂ ਸ਼ਿਕਨ | .. ਬਚਨ ਭੰਗ ਕਰਨ ਵਾਲਾ । |
| ਬੇਦਰਗ | ... ਝਟ ਪਟ, ਬਿਨਾ ਦੇਰੀ ਤੋਂ । |
| ਤੁਫਗ | ... ਬੰਦੂਕ । |

ਤੇਰਾ ਇਹ ਬਚਨ ਭੰਗ ਕਰਨ ਵਾਲਾ ਲਸ਼ਕਰ ਤੇਗ, ਤੀਰ ਤੇ ਬੰਦੂਕਾਂ ਲੈ ਕੇ ਝਟ ਪਟ ਬੇਤਹਾਸ਼ਾ ਆ ਪਿਆ ।

بلاچارگی درمیاں آمدم
بتدبیر تیر و کماں آمدم

ਬ-ਲਾਚਾਰਗੀ ਦਰਮਿਯਾਂ ਆਮਦਮ ।
ਬ-ਤਦਬੀਰਿ ਤੀਰੋ ਕਮਾਂ ਆਮਦਮ । ੨੧

---

†ਮਯੇ [ਖਾ. ਟ੍ਰੈ. ਸੁ.]



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਅਰਥ

ਬ–ਲਾਚਾਰਗੀ ... ਮਜਬਰਨ ।
ਦਰਮਿਯਾਂ ... ਵਿਚਕਾਰ ।

ਇਸ ਲਈ ਮੈਨੂੰ ਮਜਬੂਰਨ ਜੰਗ ਦੇ ਮੈਦਾਨ ਵਿੱਚ ਆਉਣਾ ਪਿਆ ਅਤੇ ਤੀਰ ਕਮਾਨ ਆਦਿ ਸ਼ਸਤਰ ਅਸਤਰ ਵਰਤਣੇ ਪਏ ।

چو کار از ہمہ حیلتے در گذشت
حلال است بُردن بشمشیر دست

ਚੁ ਕਾਰ ਅਜ਼ ਹਮ: ਹੀਲਤੇ ਦਰਗੁਜ਼ਸ਼ਤ ।
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ । ੨੨

ਅਰਥ

ਹੀਲਤ ... ਹੀਲਾ, ਉਪਰਾਲਾ ।
ਦਰਗੁਜ਼ਸ਼ਤਨ ... ਲੰਘ ਜਾਣਾ ।
ਹਲਾਲ ... ਜਾਇਜ਼, ਮੁਨਾਸਿਬ ।

ਜਦੋਂ ਕੋਈ ਕਮ ਸਾਰੇ ਹੀਲੇ, ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿੱਚ ਤਲਵਾਰ ਲੈਣਾ ਜਾਇਜ ਹੀ ਹੈ ।

چہ قسم قرآں من کنم اعتبار
وگرنہ تو گوئی من ایں رہ چکار

ਚਿ ਕਸਮਿ ਕੁਰਾਂ ਮਨ ਕੁਨਮ ਇਅਤਿਬਾਰ ।
ਵਗਰਨ: ਤੂ ਗੋਈ, ਮਨ ਈਂ ਰਹ ਚਿਕਾਰ । ੨੩



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

**ਅਰਥ**

| | | |
|---|---|---|
| ਵਗਰਨ: | ... | ਨਹੀਂ ਤਾਂ । |
| ਗੋਈ | .. | ਕਹੁ, ਦੱਸ । |
| ਈਂ ਰਹ | ... | ਇਸ ਰਾਹ । |

ਮੈਂ ਹੁਣ ਤੇਰੀ ਕੁਰਾਨ ਦੀ ਕਸਮ ਦਾ ਕੀ ਇਤਬਾਰ ਕਰਾਂ । ਵਰਨਾ ਤੂੰਹੀਓਂ ਦਸ ਮੇਰਾ ਇਸ (ਲੜਾਈ ਭਿੜਾਈ ਦੇ) ਰਾਹ ਨਾਲ ਕੀ ਵਾਸਤਾ ?

ندانم کہ ایں مردِ روباہ پیچ
وگر ہرگز ایں رہ نیارد بہیچ

ਨ-ਦਾਨਮ ਕਿ ਈਂ ਮਰਦਿ ਰੋਬਾਹ ਪੇਚ ।
ਵਗਰ ਹਰਗਿਜ਼ ਈਂ ਰਹ ਨਯਾਰਦ ਬਹੇਚ । ੨੪

**ਅਰਥ**

| | | |
|---|---|---|
| ਮਰਦਿ ਰੋਬਾਹ ਪੇਚ | .. | ਲੂਮੜੀ ਵਰਗੇ ਦਾਉ-ਪੇਚ ਖੇਡਣ ਵਾਲਾ, ਛਲੀਆ, ਫਰੇਬੀ । |
| ਵਗਰ | .. | ਨਹੀਂ ਤਾਂ । |
| ਹਰਗਿਜ਼ | ... | ਕਦੀ ਵੀ । |

ਮਨੂੰ ਪਤਾ ਨਹੀਂ ਸੀ ਕਿ ਇਹ ਤੇਰੇ ਆਦਮੀ ਲੂਮੜ-ਚਾਲਾਂ ਚਲਣ ਵਾਲੇ ਮਕਾਰ ਲੋਕ ਹਨ ਨਹੀਂ ਕਦੀ ਹੋਰ ਗੱਲ ਮੈਨੂੰ ਏਸ ਖਾਸੇ ਨਹੀਂ ਸੀ ਲਿਆ ਸਕਦੀ ।

ہر آنکس کہ قولِ قرآں آیدش
نزد بستن و کشتنی بایدش

ਹਰ ਆਂ ਕਸ ਕਿ ਕਉਲੇ ਕੁਰਾਂ ਆਯਦਸ਼ ।
ਨਜ਼ੋ ਬਸਤਨੋ ਕੁਸ਼ਤਨੀ ਬਾਯਦਸ਼ । ੨੫



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

**ਅਰਥ**

| | | |
|---|---|---|
| ਕਉਲ | ... | ਬਚਨ । |
| ਬਸਤਨ | ... | ਬੰਨ੍ਹਣਾ (ਕੈਦ ਕਰਨਾ) । |
| ਕੁਸ਼ਤਨ | ... | ਕਤਲ ਕਰਨਾ, ਮਾਰਨਾ । |

ਜਿਹੜਾ ਆਦਮੀ ਤੇਰੀ ਕਰਾਨ ਦੀ ਸਹੁ ਉੱਤੇ ਵਿਸ਼ਵਾਸ ਕਰ ਲਵੇ ਉਸਨੂੰ ਕੈਦ ਵਿਚ ਬਨਣਾ ਜਾਂ ਮਾਰਨਾ ਠੀਕ ਨਹੀਂ ।

برنگِ مگس سیاه پوش آمدند
به یکبارگی در خروش آمدند

ਬਰੰਗਿ ਮਗਸ ਸਯਾਹ-ਪੋਸ਼ ਆਮਦੰਦ ।
ਬ: ਯਕ- ਬਾਰਗੀ ਦਰ ਖਰੋਸ਼ ਆਮਦੰਦ । ੨੯

**ਅਰਥ**

| | | |
|---|---|---|
| ਬਰਗ | .. | ਵਾਂਙ । |
| ਮਗਸ | ... | ਮੱਖੀ । |
| ਸਯਾਹਪੋਸ਼ | ... | ਕਾਲੀ ਵਰਦੀ ਪਹਿਨਣ ਵਾਲਾ । |
| ਬ:ਯਕ–ਬਾਰਗੀ | .. | ਇਕੋ ਵੇਰ, ਇਕ ਦਮ । |
| ਦਰ ਖਰੋਸ਼ ਆਮਦਨ | ... | ਰੌਲਾ ਪਾਉਣਾ । |

ਤੇਰੀ ਕਾਲੀ ਪੋਸ਼ ਫੌਜ ਮੱਖੀਆਂ ਵਾਂਙ ਆ ਪਈ ਅਤੇ ਸ਼ੋਰ ਮਚਾਉਂਦੀ ਇਕ ਦਮ ਟੁੱਟ ਪਈ ।



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

هر آنکس ز دیوار آمد برون
بخوردن یکے تیر شد غرق خون

ਹਰ ਆਂ ਕਸ ਜ਼ਿ ਦੀਵਾਰ ਆਮਦ ਬਿਰੂੰ ।
ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ । ੨੭

ਅਰਥ

ਬਿਰੂੰ .. ਬਾਹਰ ।
ਗ਼ਰਕਿ ਖ਼ੂੰ .. ਖ਼ੂਨ ਵਿੱਚ ਡੁਬਿਆ ਹੋਇਆ ।

ਜੋ ਵੀ ਕੋਈ ਦੀਵਾਰ ਦੀ ਓਟ ਤੋਂ ਜ਼ਰਾ ਬਾਹਰ ਆਇਆ, ਉਹ ਇਕੋ ਤੀਰ ਖਾ ਕੇ ਲਹੂ ਵਿੱਚ ਗ਼ਰਕ ਹੋ ਗਿਆ ।

که بیروں نیامد کسے زاں دیوار
نخوردند تیرو نگشتند خوار

ਕਿ ਬੇਰੂੰ ਨਯਾਮਦ ਕਸੇ ਜ਼ਾਂ ਦੀਵਾਰ ।
ਨ ਖ਼ੁਰਦੰਦ ਤੀਰੋ ਨ ਗਸ਼ਤੰਦ ਖ਼੍ਵਾਰ । ੨੮

ਅਰਥ

ਬੇਰੂੰ .. ਬਾਹਰ ।
ਖ਼ੁਰਦਨ .. ਖਾਣਾ ।
ਖ਼੍ਵਾਰ ਗਸ਼ਤਨ .. ਮੰਦ ਹਾਲ ਹੋਣਾ ।

ਫਿਰ ਉਸ ਦੀਵਾਰ ਤੋਂ ਕੋਈ ਵੀ ਬਾਹਰ ਨਾ ਆਇਆ । ਨਾ ਉਨ੍ਹਾਂ ਤੀਰ ਖਾਧੇ ਤੇ ਨਾ ਹੀ ਖ਼ੁਆਰ ਹੋਏ ।



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

چو دیدم کہ ناہر بیامد بجنگ
چشیدہ یکے تیرِ من بیدرنگ

ਚੁ ਦੀਦਮ ਕਿ ਨਾਹਰ ਬਿਯਾਮਦ ਬਜੰਗ ।
ਚਸ਼ੀਦ : ਯਕੇ ਤੀਰਿ ਮਨ ਬੇਦਰੰਗ । ੨੯

ਅਰਥ

| | | |
|---|---|---|
| ਦੀਦਨ | .. | ਵੇਖਣਾ । |
| ਨਾਹਰ | .. | ਨਾਹਰ ਖਾਂ ਨਾਂ ਦਾ ਇਕ ਪਠਾਣ ਫ਼ੌਜਦਾਰ |
| ਚਸ਼ੀਦਨ | .. | ਚੱਖਣਾ । |
| ਬਦਰੰਗ | .. | ਬਿਨਾ ਦੇਰੀ ਤੋਂ, ਫੌਰਨ । |

ਜਦ ਮੈਂ ਨਾਹਰ ਖਾਂ ਨੂੰ ਮੈਦਾਨੇ ਜੰਗ ਵਿੱਚ ਆਇਆ ਵੇਖਿਆ ਤਾਂ ਉਸਨੇ ਫੌਰਨ ਹੀ ਮੇਰੇ ਤੀਰ ਦਾ ਸਆਦ ਚੱਖਿਆ, ਅਰਥਾਤ ਉਹ ਤੀਰ ਖਾ ਕੇ ਥਾਂ ਹੀ ਢਹਿ ਢੇਰੀ ਹੋ ਗਿਆ ।

ہمآخر گریزند بجائے مصاف
† بسے خاناں خوردند بیروں گزاف

ਹਮਾਖ਼ਿਰ ਗੁਰੇਜ਼ੰਦ ਬਜਾਇ ਮਸਾਫ਼ ।
ਬਸੇ ਖਾਨਾਂ† ਖ਼ੁਰਦੰਦ, ਬੇਰੂੰ ਗੁਜ਼ਾਫ਼ । ੩੦

ਅਰਥ

| | | |
|---|---|---|
| ਗੁਰੇਖ਼ਤਨ | .. | ਨਸਣਾ । |
| ਮਸਾਫ਼ | .. | ਜੰਗ । |

† ਤੇਗ [ਦਸਮ ਗ੍ਰੰਥ, ਸੰਗਰੂਰ]



CC-0. Kashmir Research Institute, Srinagar. Digitized by eGangotri

tarikhema.org

**ਅਰਥ**

ਬਸੇ .. ਬਹੁਤ ਸਾਰੇ ।
ਗੁਜ਼ਾਫ਼ .. ਗੱਪ, ਸ਼ੇਖੀ ।

ਅਖੀਰ ਨੂੰ ਉਹ ਪਠਾਣ ਜੋ ਬਾਹਰ ਖੜੋਤੇ ਸ਼ੇਖੀਆਂ ਪਏ ਮਾਰਦੇ ਸਨ, ਰਣਭੂਮੀ ਤੋਂ ਭੱਜ ਗਏ ।

که افغانِ دیگر بیامد به جنگ
چو سیلِ روان همچو تیر و تفنگ

ਕਿ ਅਫ਼ਗਾਨਿ ਦੀਗਰ ਬਯਾਮਦ ਬਜੰਗ ।
ਚੂ ਸੈਲਿ ਰਵਾਂ ਹਮਚੂ ਤੀਰੋ ਤੁਫ਼ੰਗ । ੩੧

**ਅਰਥ**

ਦੀਗਰ .. ਹੋਰ ।
ਸੈਲ .. ਹੜ੍ਹ, ਸੈਲਾਬ ।
ਤੁਫ਼ੰਗ .. ਬੰਦੂਕ ।

ਇਸ ਪਿੱਛੋਂ ਇਕ ਹਰ ਪਠਾਣ ਤੇਜ਼ ਹੜ੍ਹ ਵਾਂਙ ਤੇ ਤੀਰ ਤੁਫ਼ੰਗ (ਭਾਵ ਬੰਦੂਕ ਦੀ ਗੋਲੀ) ਵਾਂਙ ਲੜਨ ਲਈ ਅਗੇ ਆਇਆ (ਸ਼ਾਇਦ ਇਹ ਜ਼ਫ਼ਰਬੇਗ ਵਲ ਸੰਕੇਤ ਹੈ) ।

بسے حملہ کردند بمردانگی
ہم از ہوشگی ہم ز دیوانگی

ਬਸੇ ਹਮਲਾ ਕਰਦੰਦ ਬਮਰਦਾਨਗੀ ।
ਹਮ ਅਜ਼ ਹੋਸ਼ਗੀ, ਹਮ ਜ਼ਿ ਦੀਵਾਨਗੀ । ੩੨



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

**ਅਰਥ**

| | | |
|---|---|---|
| ਬਸੇ | .. | ਬਹੁਤ ਸਾਰੇ । |
| ਹੋਸ਼ਗੀ | .. | ਸਮਝ ਸੂਝ । |
| ਦੀਵਾਨਗੀ | .. | ਬੇਸਮਝੀ, ਝੱਲ । |

ਉਸ ਨੇ ਬਹਾਦਰੀ ਨਾਲ ਬਹੁਤ ਸਾਰੇ ਹਮਲੇ ਕੀਤੇ । (ਕੁਝ ਸੂਝ ਬੂਝ ਨਾਲ ਕੁਝ ਬੇਸਮਝੀ ਨਾਲ ।

بسے حملہ کرد و بسے زخم خورد
دو کس را بجاں کشت و ہم جاں سپرد

ਬਸੇ ਹਮਲਾ ਕਰਦੋ ਬਸੇ ਜ਼ਖ਼ਮ ਖ਼ੁਰਦ ।
ਦੋ ਕਸ ਰਾ ਬਜਾਂ ਕੁਸ਼ਤੁ ਹਮ ਜਾਂ ਸੁਪੁਰਦ । ੩੩

**ਅਰਥ**

| | | |
|---|---|---|
| ਬਸੇ | .. | ਬਹੁਤ ਸਾਰੇ, ਕਈ । |
| ਜ਼ਖ਼ਮ ਖ਼ੁਰਦਨ | ... | ਫੱਟੜ ਹੋਣਾ । |
| ਬਜਾਂ ਕੁਸ਼ਤਨ | .. | ਜਾਨੋਂ ਮਾਰ ਦੇਣਾ । |
| ਜਾਂ ਸੁਪੁਰਦਨ | .. | ਜਾਨ ਦੇ ਦੇਣਾ, ਮਰ ਜਾਣਾ । |

ਉਸ ਨੇ ਕਈ ਹੱਲੇ ਕੀਤੇ ਅਤੇ ਖ਼ੁਦ ਵੀ ਬਹੁਤ ਸਾਰੇ ਫੱਟ ਖਾਧੇ । ਉਸ ਨੇ ਦੋ ਜਣਿਆਂ ਨੂੰ ਜਾਨੋਂ ਮਾਰ ਦਿੱਤਾ ਤੇ ਆਖਰ ਆਪ ਵੀ ਆਪਣੀ ਜਾਨ ਦੇ ਗਿਆ ।



CC-0. Kashmir Research Institute, Srinagar. Digitized by eGangotri

tarikhema.org
mandegar.tarikhema.org
tarikhema.ir
pdf.tarikhema.org

tarikhema.org

کہ آں خواجہ مردود سایۂ دیوار
نیامد بمیداں بمردانہ وار

ਕਿ ਆਂ ਖ਼੍ਵਾਜਾ ਮਰਦੂਦ ਸਾਯ:ਏ ਦੀਵਾਰ ।
ਨਯਾਮਦ ਬ-ਮੈਦਾਂ ਬ-ਮਰਦਾਨ : ਵਾਰ । ੩੪

**ਅਰਥ**

ਖ਼੍ਵਾਜਾ .. ਖੁਆਜਾ ਜ਼ਫਟਬੇਗ ਵਲ ਇਸ਼ਾਰਾ ਹੈ ।
ਮਰਦਾਨ:ਵਾਰ .. ਬਹਾਦਰਾਂ ਵਾਂਙ ।

ਉਹ ਮਰਦੂਦ ਖੁਆਜਾ ਜ਼ਫ਼ਰਬੇਗ ਦੀਵਾਰ ਦੀ ਓਟ ਹੇਠ ਹੀ ਰਿਹਾ । ਬਹਾਦਰਾਂ ਵਾਂਙ ਮੈਦਾਨ ਵਿੱਚ ਨਹੀਂ ਆਇਆ ।

دریغا! اگر روئے او دیدمے
بیک تیر لاچار بخشیدمے

ਦਰੇਗ਼ਾ ! ਅਗਰ ਰੂਏ ਊ ਦੀਦਮੇ ।
ਬ-ਯਕ ਤੀਰ ਲਾਚਾਰ ਬਖ਼ਸ਼ੀਦਮੇ । ੩੫

**ਅਰਥ**

ਦਰੇਗ਼ਾ .. ਅਫ਼ਸੋਸ ।
ਰੂ .. ਮੂੰਹ, ਚੇਹਰਾ ।
ਦ਼ੀਦਨ .. ਵੇਖਣਾ ।

ਜੇਕਰ ਮੈਂ ਉਸਦਾ ਚੇਹਰਾ ਵੇਖ ਲੈਂਦਾ ਤਾਂ ਇਕ ਤੀਰ ਉਸਨੂੰ ਵੀ ਬਖਸ਼ ਦਿੰਦਾ । ਭਾਵ ਉਸਨੂੰ ਪਾਰ ਬੁਲਾਉਣ ਤੋਂ ਹੈ ।



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

همآخر بسے زخم تیر و تفنگ
دو سوے بسے کشته شد بیدرنگ

ਹਮਾਖ਼ਿਰ ਬਸੇ ਜ਼ਖਮਿ ਤੀਰੋ ਤੁਫ਼ੰਗ ।
ਦੋ ਸੂਏ ਬਸੇ ਕੁਸ਼ਤ: ਸ਼ੁਦ ਬੇਦਰੰਗ । ੩੬

**ਅਰਥ**

ਕੁਸ਼ਤ:ਸ਼ੁਦਨ .. ਮਾਰਿਆ ਜਾਣਾ ।
ਦੋਸੂਏ .. ਦੋਹੀਂ ਪਾਸੀਂ ।

ਆਖਰ ਤੀਰਾਂ ਤੇ ਬੰਦੂਕਾਂ ਦੇ ਫੱਟ ਖਾ ਖਾ ਥੋੜੇ ਚਿਰ ਵਿੱਚ ਹੀ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ ।

بسے بار بارید تیر و تفنگ
زمیں گشت همچوں گل لاله رنگ

ਬਸੇ ਬਾਰ ਬਾਰੀਦ ਤੀਰੋ ਤੁਫ਼ੰਗ ।
ਜ਼ਿਮੀਂ ਗਸ਼ਤ ਹਮਚੂੰ ਗੁਲੇ ਲਾਲਾ ਰੰਗ । ੩੭

**ਅਰਥ**

ਬਾਰੀਦਨ .. ਵਸਣਾ, ਵਰ੍ਹਨਾ ।
ਗਸ਼ਤਨ .. ਹੋਣਾ ।
ਹਮਚੂੰ .. ਵਾਂਗ ।
ਗੁਲੇ ਲਾਲਾ .. ਪੋਸਤ ਦਾ ਫੁਲ ।

ਬੰਦੂਕਾਂ ਤੇ ਤੀਰਾਂ ਦੀ ਇੰਨੀ ਵਰਖਾ ਹੋਈ ਕਿ ਧਰਤੀ ਲਹੂ ਨਾਲ ਪੋਸਤ ਦੇ ਫੁਲ ਵਾਂਗ ਲੋ ਲਾਲ ਹੋ ਗਈ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

سروپائے انبوہ چنداں شدہ
کہ میداں پُر از گوو چوگاں شدہ

ਸਰੋਪਾਇ ਅੰਬੋਹ ਚੰਦਾਂ ਸ਼ੁਦਹ ।
ਕਿ ਮੈਦਾਂ ਪੁਰ ਅਜ਼ ਗੂ ਓ ਚੌਗਾਂ ਸ਼ੁਦਹ । ੩੮

**ਅਰਥ**

| | | |
|---|---|---|
| ਸਰੋ ਪਾਇ | .. | ਸਿਰ ਅਤੇ ਪੈਰ । |
| ਅੰਬੋਹ ਸ਼ੁਦਨ | .. | ਢੇਰ ਲਗਣਾ । |
| ਚੰਦਾਂ | .. | ਇੰਨਾ । |
| ਗੂ | .. | ਖਿੱਦੋ । |
| ਚੌਗਾਂ | .. | ਪੋਲੋ ਖੇਡਣ ਵਾਲੀ ਖੂੰਡੀ । |

ਮਾਰੇ ਗਏ ਬੰਦਿਆਂ ਦੇ ਸਿਰ-ਪੈਰਾਂ ਦੇ ਇਉਂ ਢੇਰ ਲਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ ਖੂੰਡੀਆਂ ਨਾਲ ਭਰਿਆ ਹੋਵੇ । (ਭਾਵ ਰਣ-ਭੂਮੀ ਵਿੱਚ ਸਿਰ ਖਿਦੋਆਂ ਵਾਂਙ ਅਤੇ ਲੱਤਾਂ ਬਾਹਾਂ ਖੂੰਡੀਆਂ ਵਾਂਙ ਖਿਲਰੀਆਂ ਪਈਆ ਸਨ ।)

ترنکارِ تیرو ترنگ کماں
برآمد یکے ہاو ہُو از جہاں

ਤਰੰਕਾਰਿ ਤੀਰੋ ਤਰੰਗਿ ਕਮਾਂ ।
ਬਰਾਮਦ ਯਕੇ ਹਾ ਓ ਹੂ ਅਜ਼ ਜਹਾਂ । ੩੯

**ਅਰਥ**

| | | |
|---|---|---|
| ਤਰੰਕਾਰ | .. | ਟਣਕਾਰ । |
| ਤਰੰਗਿ ਕਮਾਂ | .. | ਕਮਾਨ ਦੀ ਆਵਾਜ਼ । |



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

| | | |
|---|---|---|
| ਹਾ ਓ ਹੂ | .. | ਰੌਲਾ, ਚੀਕ ਚਿਹਾੜਾ । |
| ਜਹਾਂ | .. | ਸਸਾਰ । |

ਤੀਰਾਂ ਤੇ ਕਮਾਨਾਂ ਦੀਆਂ ਟਣਕਾਰਾਂ ਨਾਲ ਲੋਕਾਂ ਵਿੱਚ ਚੀਕ ਚਿਹਾੜਾ ਪੈ ਗਿਆ ।

دگر شورشِ کیبرِ کینہ کوش
ز مردانِ مرداں بروں رفت ہوش

ਦਿਗਰ ਸ਼ੋਰਸ਼ਿ ਕੈਬਰਿ ਕੀਨ: ਕੋਸ਼ ।
ਜ਼ਿ ਮਰਦਾਨਿ ਮਰਦਾਂ ਬਿਰੂੰ ਰਫ਼ਤ ਹੋਸ਼ । ੪੦

**ਅਰਥ**

| | | |
|---|---|---|
| ਸ਼ੋਰਸ਼ | .. | ਰੌਲਾ ਗੌਲਾ । |
| ਕੈਬਰ | .. | ਬਰਛਾ । |
| ਕੀਨਾ:ਕੋਸ਼ | .. | ਧ੍ਰੋਹੀ, ਜਾਬਰ । |
| ਹੋਸ਼ ਬਿਰੂੰ ਰਫਤਨ | .. | ਹੋਸ਼ ਗੁੰਮ ਹੋ ਜਾਣਾ । |

ਇਸ ਪਿਛੋਂ ਮਾਰੂ ਬਰਛਿਆਂ ਨੇ ਇਸ ਤਰ੍ਹਾਂ ਗੜ ਬੜ ਮਚਾ ਦਿੱਤੀ ਕਿ ਵੱਡੇ ਵੱਡੇ ਸੂਰਮਿਆਂ ਦੇ ਵੀ ਹੋਸ਼ ਗੁੰਮ ਹੋ ਗਏ ।

ہم آخر چہ مردی کند کارزار
کہ بر چہل تن آیدش بے شمار

ਹਮ ਆਖ਼ਿਰ ਚਿ ਮਰਦੀ ਕੁਨਦ ਕਾਰਜ਼ਾਰ ।
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ । ੪੧



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

**ਅਰਥ**

| | | |
|---|---|---|
| ਹਮ ਆਖ਼ਿਰ | .. | ਆਖ਼ਰਕਾਰ । |
| ਕਾਰਜ਼ਾਰ | .. | ਜੰਗ । |
| ਮਰਦੀ | .. | ਮਰਦਾਨਗੀ, ਸੂਰਮਗਤੀ । |
| ਚਿਹਲ ਤਨ | .. | ਚਾਲੀ ਆਦਮੀ । |

ਆਖਰ ਲੜਾਈ ਵਿੱਚ ਇਕਲੀ ਸੂਰਮਗਤੀ ਕੀ ਕਰ ਸਕਦੀ ਹੈ, ਜੇਕਰ ਚਾਲੀ ਆਦਮੀਆਂ ਉੱਤੇ ਅਣਗਿਣਤ ਫ਼ੌਜ ਧਾਵਾ ਬੋਲ ਦੇਵੇ ।

چراغ جہاں چوں شد برقع پوش
شہ شب برآمد ہمہ جلوہ جوش

ਚਰਾਗ਼ਿ ਜਹਾਂ ਚੂੰ ਸ਼ੁਦ: ਬੁਰਕਅ ਪੋਸ਼ ।
ਸ਼ਹੇ ਸ਼ਬ ਬਰਾਮਦ ਹਮ: ਜਲਵਾ ਜੋਸ਼ । ੪੨

**ਅਰਥ**

| | | |
|---|---|---|
| ਚਰਾਗ਼ਿ ਜਹਾਂ | .. | ਸਸਾਰ ਦਾ ਦੀਵਾ, ਸੂਰਜ । |
| ਬੁਰਕਅਪੋਸ਼ | .. | ਬੁਰਕਾ ਪਾਉਣ ਵਾਲਾ । |
| ਸ਼ਹੇ ਸ਼ਬ | .. | ਰਾਤ ਦਾ ਬਾਦਸ਼ਾਹ ਅਰਥਾਤ ਚੰਦ । |
| ਜਲਵਾਜੋਸ | .. | ਸਜ ਧਜ ਵਾਲਾ । |

ਜਿਸ ਵੇਲੇ ਸੰਸਾਰ ਦਾ ਦੀਵਾ, ਸੂਰਜ, ਡੁਬ ਗਿਆ ਤਾਂ ਰਾਤ ਦਾ ਬਾਦਸ਼ਾਹ, ਚਦਰਮਾ ਪੂਰੀ ਸਜ ਧਜ ਨਾਲ ਨਿਕਲ ਆਇਆ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

هر آنکس بقول قرآں آیدش
کہ یزداں برو رہنما آیدش

ਹਰ ਆਂ ਕਸ ਬਕੌਲੇ ਕੁਰਾਂ ਆਯਦਸ਼ ।
ਕਿ ਯਜ਼ਦਾਂ ਬਰੋ ਰਹਨੁਮਾ ਆਯਦਸ਼ । ੪੩

**ਅਰਥ**

ਹਰ ਆਂ ਕਸ ... ਜੋ ਕੋਈ ।
ਬਕੌਲੇ ਕੁਰਾਂ ... ਕੁਰਾਨ ਦੀ ਕਸਮ ।
ਰਹਨੁਮਾ ... ਰਾਹ ਦਿਖਾਉਣ ਵਾਲਾ ।

ਜੋ ਕੋਈ ਕੁਰਾਨ ਦੀ ਸਹੁੰ ਉੱਤੇ ਭਰੋਸਾ ਕਰੇ ਪਰਮਾਤਮਾ ਉਸਨੂੰ ਰਸਤਾ ਵਿਖਾਉਂਦਾ ਹੀ ਹੈ ।

نہ پیچید موئے نہ رنجید تن
کہ بیروں خود آورد دشمن شکن

ਨ ਪੇਚੀਦ : ਮੂਏ ਨ ਰੰਜੀਦ : ਤਨ ।
ਕਿ ਬੇਰੂੰ ਖ਼ੁਦਾਵੁਰਦ ਦੁਸ਼ਮਨ ਸ਼ਿਕਨ । ੪੪

**ਅਰਥ**

ਪੇਚੀਦਨ ... ਵਿੰਗਾ ਹਣਾ ।
ਮੂਏ ... ਵਾਲ ।
ਰੰਜੀਦਨ ... ਦੁਖੀ ਹੋਣਾ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਬਰੂੰ ਆਵੁਰਦਨ ... ਬਾਹਰ ਕੱਢਣਾ ।

ਦੁਸ਼ਮਨ ਸ਼ਿਕਨ ... ਵੈਰੀਆਂ ਨੂੰ ਮਾਰਨ ਵਾਲਾ ।

ਨਾ (ਅਸਾਡਾ) ਰਤਾ ਵਾਲ ਵਿੰਗਾ ਹੋਇਆ ਤੇ ਨਾ ਸਾਡੇ ਸਰੀਰ ਨੂੰ ਕੋਈ ਖਦ ਪਹੁੰਚਿਆ ਕਿਉਂਕਿ ਸ਼ੱਤਰੂ-ਹਰਤਾ ਪਰਮੇਸ਼ਰ ਨੇ ਆਪ ਸਾਨੂੰ (ਮੁਸੀਬਤਾਂ ਵਿਚੋਂ) ਕਢ ਲਿਆਂਦਾ ।

ندانم که این مرد پیمان شکن
که دولت پرست است و ایمان فگن

ਨਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ ।
ਕਿ ਦੌਲਤ ਪ੍ਰਸਤਸਤੋ ਈਮਾਂ ਫ਼ਿਗਨ । ੪੫

**ਅਰਥ**

ਦਾਨਿਸਤਨ ... ਜਾਣਨਾ ।

ਪੈਮਾਂ-ਸ਼ਿਕਨ ... ਵਾਅਦਾ ਤੜਨ ਵਾਲਾ ।

ਦੌਲਤ-ਪ੍ਰਸਤ ... ਮਾਇਆ ਦਾ ਪੁਜਾਰੀ,
ਟਕੇ ਦਾ ਮੁਰੀਦ ।

ਈਮਾਂ ਫ਼ਿਗਨ ... ਬਈਮਾਨ ।

ਮੈਨੂੰ ਇਹ ਪਤਾ ਨਹੀਂ ਸੀ ਕਿ ਇਹ ਇਕਰਾਰ ਤੋੜਨ ਵਾਲਾ (ਔਰੰਗਜ਼ੇਬ) ਟਕੇ ਦਾ ਮੁਰੀਦ ਹੈ ਤੇ ਧਰਮ ਈਮਾਨ ਨੂੰ ਪਰੇ ਸੁਟ ਦੇਣ ਵਾਲਾ ਹੈ ।

نه ایمان پرستی نه اوضاع دین
نه صاحب شناسی نه محمد یقین

ਨ ਈਮਾਂ ਪ੍ਰਸਤੀ ਨ ਔਜ਼ਾਇ ਦੀਂ ।
ਨ ਸ਼ਾਹਿਬ ਸ਼ਨਾਮੀ ਨਮਹਮਦ ਯਕੀਂ । ੪੬



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

**ਅਰਥ**

ਔਜ਼ਾਇ ਦੀਂ ... ਦੀਨ ਦੇ ਨੇਮ, ਸ਼ਰਾ ਸ਼ਰੀਅਤ ।
ਸਾਹਿਬ ਸ਼ਨਾਸ ... ਪਰਮਾਤਮਾ ਨੂੰ ਪਛਾਣਨ ਵਾਲਾ ।
ਮਹਮਦ ... ਹਜ਼ਰਤ ਮੁਹੰਮਦ ।

ਔਰੰਗਜ਼ੇਬ ! ਨਾ ਤੂੰ ਦੀਨ ਈਮਾਨ ਉਤੇ ਕਾਇਮ ਹੈਂ ਤੇ ਨਾ ਹੀ ਤੂੰ ਸ਼ਰ੍ਹਾ ਸ਼ਰੀਅਤ ਦਾ ਪਾਬੰਦ ਹੈਂ । ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉੱਤੇ ਹੀ ਭਰੋਸਾ ਹੈ

هر آنکس که ایماں پرستی کند
نہ پیماں خودش پیش و پستی کند

ਹਰ ਆਂ ਕਸ ਕਿ ਈਮਾਂ ਪ੍ਰਸਤੀ ਕੁਨਦ ।
ਨ ਪੈਮਾਂ ਖ਼ੁਦਸ਼, ਪੇਸ਼ੋ ਪਸਤੀ ਕੁਨਦ । ੪੭

**ਅਰਥ**

ਹਰ ਆਂ ਕਸ ... ਜੋ ਕੋਈ ।
ਪਸ਼ੋ ਪਸ ... ਅਗੇ ਪਿਛੇ ਹੋਣ ਦਾ ਭਾਵ ।

ਜੋ ਆਦਮੀ ਧਰਮ ਈਮਾਨ ਉਤੇ ਚਲਣ ਵਾਲਾ ਹੁੰਦਾ ਹੈ, ਉਹ ਕਦੀ ਅਪਣੇ ਵਾਅਦੇ ਤੋਂ ਟਾਲ ਮਟੋਲ ਨਹੀਂ ਕਰਦਾ ।

کہ ایں مرد را ذرہ اعتبار نیست
چہ قسم قرانست یزداں یکیست

ਕਿ ਈਂ ਮਰਦ ਰਾ ਜ਼ੱਰਹ ਇਅਤਬਾਰ ਨੇਸਤ ।
ਚਿ ਕਸਮੇ ਕੁਰਾਨਸਤ ਯਜ਼ਦਾਂ ਯਕੇਸਤ । ੪੮



CC-0. Kashmir Research Institute, Srinagar. Digitized by eGangotri
tarikhema.org
pdf.tarikhema.org
mandegar.tarikhema.org
tarikhema.ir

tarikhema.org

**ਅਰਥ**

ਜ਼ੱਰਹ ... ਰਤਾ ਭਰ, ਥੋੜਾ ਜੇਹਾ ।
ਨੇਸਤ ... ਨਹੀਂ ਹੈ ।
ਯਜ਼ਦਾਂ .. ਪਰਮੇਸ਼ਰ ।

ਇਸ ਆਦਮੀ ਉਤੇ ਮੈਨੂੰ ਰਤਾ ਭਰ ਵੀ ਭਰੋਸਾ ਨਹੀਂ । ਇਸਦੇ ਲਈ ਕੁਰਾਨ ਦੀ ਕਸਮ ਅਤੇ ਤੌਹੀਦ ਬੇਮਾਅਨੀ ਹਨ, ਅਰਥਾਤ ਇਸ ਦੇ ਲਈ ਇਹ ਗੱਲਾਂ ਕੁਝ ਵੀ ਅਰਥ ਨਹੀਂ ਰਖਦੀਆਂ ।

چو قسم قرآں صد کند اختیار
مرا قطرہ ناید ازو اعتبار

ਚੁ ਕਸਮੇ ਕੁਰਾਂ ਸਦ ਕੁਨਦ ਇਖ਼ਤਿਯਾਰ ।
ਮਰਾ ਕਤਰ: ਨਾਯਦ ਅਜ਼ੋ ਇਅਤਿਬਾਰ । ੪੯

**ਅਰਥ**

ਸਦ ... ਸੌ ।
ਇਅਤਿਬਾਰ ਆਮਦਨ ... ਭਰਸਾ ਹੋਣਾ ।

ਭਾਵੇਂ ਤੂੰ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ, ਮੈਨੂੰ ਤੇਰੇ ਉਤੇ ਰਤਾ ਵੀ ਇਤਬਾਰ ਨਹੀਂ ।

اگرچہ ترا اعتبار آمدے
کمر بستۂ پیشوار آمدے

ਅਗਰਚਿ ਤੁਰਾ ਇਅਤਬਾਰ ਆਮਦੇ ।
ਕਮਰ ਬਸਤ: ਏ ਪੇਸ਼ਵਾਰ ਆਮਦੇ । ੫੦



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

**ਅਰਥ**

ਅਗਰਚਿ ... ਜੇਕਰ ।

ਤੁਰਾ ... ਤੈਨੂੰ ।

ਜੇ ਤੈਨੂੰ (ਪਰਮਾਤਮਾ ਅਤੇ ਕੁਰਾਨ ਸ਼ਰੀਫ਼ ਉਤੇ) ਭਰੋਸਾ ਹੁੰਦਾ ਤਾਂ ਤੂੰ ਕਮਰਕਸਾ ਕਰਕੇ ਸਾਮ੍ਹਣੇ ਆ ਜਾਂਦਾ ।

که فرضست بر سر ترا این سخن
که قولِ خدا است قسمت من

ਕਿ ਫਰਜ਼ਸਤ ਬਰ ਸਰ ਤੁਰਾ ਈਂ ਸੁਖ਼ਨ ।
ਕਿ ਕੌਲੇ ਖ਼ੁਦਾ ਅਸਤ ਕਸਮਸਤ ਮਨ । ੫੧

**ਅਰਥ**

ਬਰ ਸਰ ਤੁਰਾ ... ਤੇਰ ਜ਼ਿੰਮੇ ।

ਸੁਖਨ ... ਗੱਲ ।

ਕੌਲੇ ਖ਼ੁਦਾ ... ਰੱਬੀ ਕਲਾਮ ।

ਸੋ ਇਸ ਬਚਨ ਬਾਰੇ ਤੇਰਾ ਇਹ ਫਰਜ਼ ਬਣਦਾ ਹੈ ਕਿ ਤੂੰ ਆਪਣੇ ਕੌਲ ਕਰਾਰ ਅਤੇ ਕਸਮ ਤੇ ਕਾਇਮ ਰਹੇਂ ।

اگر حضرتِ خود ستاده شود
بجان و دل کار واجع شود

ਅਗਰ ਹਜ਼ਰਤੇ ਖ਼ੁਦ ਸਿਤਾਦ: ਸ਼ਵਦ ।
ਬਜਾਨੋ ਦਿਲੋ ਕਾਰ ਵਾਜਿਹ ਸ਼ਵਦ । ੫੨



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

ਅਰਥ

ਹਜ਼ਰਤ ... ਆਦਰ ਵਾਚਕ ਪਦ ।

ਏਸਤਾਦਨ ... ਖੜਾ ਹੋਣਾ ।

ਵਾਜ਼ਿਹ ... ਸਪਸ਼ਟ ।

ਬ-ਜਾਨੋ ਦਿਲ ... ਦਿਲ ਜਾਨ ਤੋਂ ਅਰਥਾਤ ਸੱਚੇ ਹਿਰਦੇ ਨਾਲ

ਹੇ ਔਰੰਗਜ਼ੇਬ ! ਜੇ ਤੂੰ ਮੇਰੇ ਸਾਮ੍ਹਣੇ ਹੁੰਦਾ ਤਾਂ ਸਾਰੀ ਹੀ ਗਲ ਪੂਰੀ ਤਰ੍ਹਾਂ ਸੱਚੇ ਹਿਰਦੇ ਨਾਲ ਸਪਸ਼ਟ ਹੋ ਜਾਂਦੀ ।

شمارا چو فرض است کارے کنی
بموجب نوشتہ شمارے کنی

ਸ਼ੁਮਾ ਰਾ ਚੁ ਫਰਜ਼ਸਤ ਕਾਰੇ ਕੁਨੀ ।
ਬਮੂਜਬ ਨਵਿਸ਼ਤ: ਸ਼ੁਮਾਰੇ ਕੁਨੀ । ੫੩

ਅਰਥ

ਸ਼ੁਮਾ ਰਾ ... ਤੁਹਾਡਾ ।

ਬਮੂਜਬ ਨਵਿਸ਼ਤ : ... ਲਿਖੇ ਅਨੁਸਾਰ ।

ਸ਼ੁਮਾਰ ... ਹਿਸਾਬ ।

ਇਹ ਤੇਰਾ ਫਰਜ਼ ਬਣਦਾ ਹੈ ਕਿ ਤੂੰ ਆਪਣੇ ਲਿਖੇ ਅਨੁਸਾਰ ਅਮਲ ਕਰੇਂ ।

نوشتہ رسید و بگفتہ زباں
ببا ید کہ ایں کار راحت رساں

ਨਵਿਸ਼ਤ: ਰਸੀਦੋ ਬਗੁਫਤ: ਜ਼ਬਾਂ ।
ਬਿਬਾਯਦ: ਕਿ ਈਂ ਕਾਰ ਰਾਹਤ ਰਸਾਂ । ੫੪



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

**ਅਰਥ**

| | | |
|---|---|---|
| ਨਵਿਸ਼ਤ : | ... | ਲਿਖਤ । |
| ਬਗੁਫ਼ਤ : ਜ਼ਬਾਂ | ... | ਜ਼ਬਾਨੀ ਆਖਿਆ ਹੋਇਆ । |
| ਰਸੀਦਨ | ... | ਪਹੁੰਚਣਾ । |
| ਬਗ਼ੁਫ਼ਤਨ | ... | ਕਹਿਣਾ । |

ਤੇਰਾ ਲਿਖਿਆ ਹੋਇਆ ਪਤਰ ਅਤੇ ਜ਼ਬਾਨੀ ਸੁਨੇਹਾ ਮੈਨੂੰ ਪਹੁੰਚਿਆ । ਤੈਨੂੰ ਚਾਹੀਦਾ ਹੈ ਕਿ ਹੁਣ ਤੂੰ ਇਸ ਕੰਮ ਨੂੰ ਠੀਕ ਤਰ੍ਹਾਂ ਸਿਰੇ ਚਾੜ੍ਹ ਦੇਵੇਂ ।

همون مرد باید شود سخنور
نه شکم دگر در دهان دگر

ਹਮੂ ਮਰਦ ਬਾਯਦ ਸ਼ਵਦ ਸੁਖ਼ਨਵਰ ।
ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ । ੫੫

**ਅਰਥ**

| | | |
|---|---|---|
| ਸੁਖ਼ਨਵਰ | .. | ਬਚਨ ਦਾ ਪੱਕਾ । |
| ਸ਼ਿਕਮ | ... | ਪੇਟ । |
| ਦਹਾਨ | ... | ਮੂੰਹ । |
| ਦਰ । | ... | ਵਿੱਚ । |

ਮਰਦ ਨੂੰ ਚਾਹੀਦਾ ਹੈ ਕਿ ਉਹ ਬਚਨਾਂ ਦਾ ਪੂਰਾ ਹੋਵੇ । ਇਹ ਠੀਕ ਨਹੀਂ ਕਿ ਦਿਲ ਵਿੱਚ ਹੋਰ ਤੇ ਮੂੰਹ ਵਿੱਚ ਕੁਝ ਹੋਰ ਹੋਵੇ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

که قاضی مرا گفت بیروں نیم
اگر راستی خود بیاری قدم

ਕਿ ਕਾਜ਼ੀ ਮਰਾ ਗੁਫ਼ਤ ਬੇਰੂੰ ਨਯਮ ।
ਅਗਰ ਰਾਸਤੀ ਖ਼ੁਦ ਬਿਯਾਰੀ ਕਦਮ । ੫੬

ਅਰਥ

ਕਾਜ਼ੀ ... ਮੁਨਸਿਫ਼, ਸੰਕੇਤ ਏਲਚੀ ਵਲ ਹੈ ।
ਬੇਰੂੰ ... ਬਾਹਰ ।
ਰਾਸਤ ... ਸੱਚਾ ।
ਆਵੁਰਦਨ ... ਲਿਆਉਣਾ ।

ਜੋ ਕੁਝ ਤੇਰੇ ਕਾਜ਼ੀ ਨੇ ਮੈਨੂੰ ਕਿਹਾ ਹੈ, ਮੈਂ ਉਸਤੋਂ ਬਾਹਰ ਨਹੀਂ । ਜੇ ਤੂੰ ਸਚਾਈ ਉਤੇ ਹੈ ਤਾਂ ਤੂੰ ਖ਼ੁਦ ਸਾਡੇ ਪਾਸ ਆ ।

ترا گر بباید آں قول قراں
بہ نزدت شمارا رسانم ہماں

ਤੁਰਾ ਗਰ ਬਿਬਾਯਦ ਆਂ ਕੌਲੇ ਕੁਰਾਂ ।
ਬਨਿਜ਼ਦੇ ਸ਼ੁਮਾ ਰਾ, ਰਸਾਨਮ ਹਮਾਂ । ੫੭

ਅਰਥ

ਤੁਰਾ ... ਤੈਨੂੰ ।
ਨਿਜ਼ਦ ... ਪਾਸ ।
ਰਸਾਨੀਦਨ ... ਭਿਜਵਾਉਣਾ ।

ਜੇ ਤੂੰ ਉਹ ਕਸਮਨਾਮਾ ਵੇਖਣਾ ਚਾਹੁੰਦਾ ਹੈਂ ਤਾਂ ਮੈਂ ਉਹ ਵੀ ਤੈਨੂੰ ਭੇਜ ਸਕਦਾ ਹਾਂ ।



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

که تشریف در قصبه کانگر کنند
وزاں پس ملاقات باہم شوند

ਕਿ ਤਸ਼ਰੀਫ਼ ਦਰ ਕਸਬ: ਕਾਂਗੜ ਕੁਨਦ ।
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵੰਦ । ੫੮

**ਅਰਥ**

ਕਾਂਗੜ ... ਮਾਲਵੇ ਦਾ ਉਹ ਨਗਰ ਜਿੱਥੋਂ ਗੁਰੂ ਸਾਹਿਬ ਨੇ ਇਹ ਚਿੱਠੀ ਲਿਖ ਕੇ ਭੇਜੀ ਸੀ ।

ਵਜ਼ਾਂ ਪਸ ... ਤੇ ਉਸ ਤੋਂ ਬਾਦ ।

ਬਾਹਮ ... ਆਪਸ ਵਿੱਚ ।

ਜੇ ਤੂੰ ਕਾਂਗੜ ਨਗਰ ਵਿੱਚ ਤਸ਼ਰੀਫ਼ ਲੈ ਆਵੇਂ ਤਾਂ ਇਸ ਉਪਰੰਤ ਆਪਣੀ ਮੁਲਾਕਾਤ ਹੋ ਸਕੇਗੀ ।

نه ذره درین راه خطره تراست
همه قوم بیراڑ حکم مراست

ਨ ਜ਼ੱਰ: ਦਰੀਂ ਰਾਹ ਖ਼ਤਰ: ਤੁਰਾਸਤ ।
ਹਮ: ਕੌਮਿ ਬੈਰਾੜ ਹੁਕਮਿ ਮਰਾਸਤ । ੫੯

**ਅਰਥ**

ਦਰੀਂ ਰਾਹ .. ਇਸ ਰਸਤੇ ਵਿੱਚ ।

ਬੈਰਾੜ .. ਸਿੱਧੂ ਖਾਨਦਾਨ ਦੇ ਲਕ ।

ਤੈਨੂੰ ਏਸ ਰਸਤੇ ਆਉਣ ਵਿੱਚ ਕਈ ਖਤਰਾ ਨਹੀਂ ਕਿਉਂਕਿ ਇਸ ਇਲਾਕੇ ਵਿਚ ਵਸਣ ਵਾਲੀ ਸਾਰੀ ਬੈਰਾੜ ਕੌਮ ਮਰੇ ਹਕਮ ਵਿੱਚ ਹੈ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

بیا تا سخن خود زبانی کنیم
بروے شما مہربانی کنیم

ਬਿਯਾ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ ।
ਬਰੂਏ ਸ਼ੁਮਾ ਮਿਹਰਬਾਨੀ ਕੁਨੇਮ ।* ੬੦

**ਅਰਥ**

ਬਿਯਾ ... ਆ ।

ਬਰੂਏ ਸ਼ੁਮਾ ... ਤੇਰੇ ਸਾਹਮਣੇ ।

ਤੂੰ ਇਥੇ ਕਾਂਗੜ ਕਸਬੇ ਵਿੱਚ ਆ ਜਾ ਤਾਕਿ ਅਸੀਂ ਆਹਮੋ ਸਾਹਮਣੇ ਹੋ, ਜ਼ਬਾਨੀ ਗਲ ਬਾਤ ਕਰ ਲਈਏ ।

اگر تو بہ یزداں پرستی کنی
بکارِ مرا ایں نہ سستی کنی

ਅਗਰ ਤੂ ਬਯਜ਼ਦਾਂ ਪ੍ਰਸਤੀ ਕੁਨੀ ।
ਬਕਾਰਿ ਮਰਾ ਈਂ ਨ ਸੁਸਤੀ ਕੁਨੀ । ੬੧

**ਅਰਥ**

ਯਜ਼ਦਾਂ ਪ੍ਰਸਤੀ ... ਪਰਮਾਤਮਾ ਦੀ ਪੂਜਾ ।

ਕਾਰ ... ਕੰਮ ।

ਜੇ ਤੂੰ ਸੱਚਾ ਖ਼ੁਦਾ-ਪ੍ਰਸਤ ਹੈਂ ਤਾਂ ਮੇਰੀ ਦੱਸੀ ਇਸ ਗੱਲ ਵਿਚ ਰਤਾ ਵੀ ਢਿਲ ਨਹੀਂ ਕਰੇਂਗਾ ।

*ਇਸ ਤੋਂ ਅਗੇ ਆਏ ਤਿੰਨ ਸ਼ੇਅਰ ਆਖੇਪਕ ਜਾਪਦੇ ਹਨ ਕਿਉਂਕਿ ਉਹ ਪੁਰਾਤਨ ਖਰੜਿਆਂ ਵਿੱਚ ਨਹੀਂ ।



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

بباید کہ یزداں شناسی کنی
نہ گفتہ کسے کس خراشی کنی

ਬਿਬਾਯਦ ਕਿ ਯਜ਼ਦਾਂ ਸ਼ਨਾਸੀ ਕੁਨੀ ।
ਨ ਗੁਫ਼ਤ: ਕਸੇ ਕਸ ਖ਼ਰਾਸ਼ੀ ਕੁਨੀ । ੬੨

**ਅਰਥ**

ਬਿਬਾਯਦ ... ਉਚਿਤ ਹੈ, ਚਾਹੀਦਾ ਹੈ ।
ਯਜ਼ਦਾਂ ਸ਼ਨਾਸੀ ... ਰੱਬ ਦੀ ਪਛਾਣ ।
ਗੁਫ਼ਤ: ... ਕਿਹਾ ਹੋਇਆ ।
ਖ਼ਰਾਸ਼ੀਦਨ ... ਦੁਖ ਦੇਣਾ, ਜ਼ੁਲਮ ਕਰਨਾ ।

ਤੈਨੂੰ ਚਾਹੀਦਾ ਹੈ ਕਿ ਤੂੰ ਸੱਚੇ ਰੱਬ ਨੂੰ ਪਛਾਣੇਂ ਅਤੇ ਕਿਸੇ ਦੇ ਕਹਿਣ ਤੇ ਕਿਸੇ ਉੱਤੇ ਜ਼ੁਲਮ ਨਾ ਕਰੇਂ ।

تو مسند نشین سرورِ کائنات
کہ عجب است انصاف ایں ہم صفات

ਮਸਨਦ ਨਸ਼ੀਂ ਸਰਵਰੇ ਕਾਇਨਾਤ ।
ਕਿ ਅਜਬ ਅਸਤ ਇਨਸਾਫ਼ ਈਂ ਹਮ ਸਿਫ਼ਾਤ । ੬੩

**ਅਰਥ**

ਮਸਨਦ ਨਸ਼ੀਂ ... ਗਦੀ ਉਤੇ ਬੈਠਣ ਵਾਲਾ ।
ਸਰਵਰ ... ਸਰਦਾਰ ।
ਹਮ ... ਵੀ ।
ਸਿਫ਼ਾਤ ... ਗੁਣ, ਸਿਫ਼ਤਾਂ ।

ਤੂੰ ਪਾਤਸ਼ਾਹੀ ਦੀ ਗੱਦੀ ਉੱਤੇ ਬੈਠਾ ਹੈਂ ਤੇ ਲੋਕਾਂ ਦਾ ਸਰਦਾਰ ਹੈਂ । ਇਹ ਤੇਰੀਆਂ ਸਿਫਤਾਂ ਤੇਹ ਇ ਤੇਰਾ ਨਿਆਂ ! ਅਜੀਬ ਜੇਹੀ ਗੱਲ ਹੈ !!



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

کہ عجب است انصاف و دیں پروری
کہ حیف است صد حیف ایں سروری

ਕਿ ਅਜਬ ਅਸਤ ਇਨਸਾਫ਼ੋ ਦੀਂ ਪਰਵਰੀ ।
ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ । ੬੪

**ਅਰਥ**

ਦੀਂ ਪਰਵਰੀ ... ਧਰਮ ਦੀ ਪਾਲਣਾ ਕਰਨ ਦਾ ਭਾਵ ।
ਹੈਫ਼ ਸਦ ਹੈਫ਼ ... ਅਫਸੋਸ ਸੌ ਅਫਸੋਸ ।
ਸਰਵਰੀ ... ਸਰਦਾਰੀ ।

ਤੇਰਾ ਇਹ ਇਨਸਾਫ ਤੇ ਤੇਰੀ ਇਹ ਧਰਮ-ਪਾਲਣਾ ਅਨੋਖੀ ਜੇਹੀ ਹੈ। ਤੇਰੀ ਇਸ ਸਰਦਾਰੀ ਉੱਤੇ ਅਫ਼ਸੋਸ ਹੈ, ਸੌ ਵਾਰੀ ਅਫ਼ਸੋਸ ਹੈ ।

کہ عجب است عجب است تقوٰہ شماں
بجز راستی سخن گفتن زیاں ‌ہٗ

ਕਿ ਅਜਬਸਤ ਅਜਬਸਤ ਤਕਵ਼ਾ ਸ਼ੁਮਾਂ ।
ਬਜ਼ੁਜ ਰਾਸਤੀ ਸੁਖ਼ਨ ਗੁਫ਼ਤਨ ਜ਼ਯਾਂ । ੬੫

**ਅਰਥ**

ਤਕਵਾ ... ਪਰਹੇਜ਼ਗਾਰੀ ।
ਸ਼ਮਾ .. ਤੁਹਾਡਾ ।
ਬਜੁਜ਼ ਰਾਸਤੀ ... ਸਚਿਆਈ ਤੋਂ ਛੁੱਟ ।
ਸੁਖ਼ਨ ਗੁਫ਼ਤਨ ... ਗੱਲ ਕਰਨਾ ।

ਤੇਰੀ ਇਹ ਪਰਹੇਜ਼ਗਾਰੀ ਵੀ ਬੜੀ ਅਜੀਬ ਹੈ । (ਇਹ ਸਮਝ ਲੈ ਕਿ) ਸਚਿਆਈ ਤੋਂ ਉਲਟ ਹੋਰ ਗੱਲ ਕਰਨ ਵਿੱਚ ਨੁਕਸਾਨ ਹੀ ਨੁਕਸਾਨ ਹੈ ।



tarikhema.org
mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

مزن تیغ بر خون کس بے دریغ
ترا نیز خوں چرخ ریزد بہ تیغ

ਮਜ਼ਨ ਤੇਗ਼ ਬਰ ਖ਼ੂਨਿ ਕਸ ਬੇਦਰੇਗ ।
ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬ: ਤੇਗ਼ । ੬੬

**ਅਰਥ**

ਤੇਗ ਜ਼ਦਨ ... ਤਲਵਾਰ ਵਾਹੁਣਾ ।
ਬੇ-ਦਰੇਗ਼ ... ਬੇ ਸੋਚੇ ਸਮਝੇ, ਅੰਨ੍ਹੇਵਾਹ ।
ਚਰਖ਼ ... ਅਸਮਾਨ ।
ਖ਼ੂੰ ਰੇਖ਼ਤਨ ... ਖ਼ੂਨ ਕਰਨਾ ।

ਤੂੰ ਕਿਸੇ ਉੱਤੇ ਬੇ-ਕਿਰਕ ਹੋਕੇ ਤਲਵਾਰ ਨਾ ਚਲਾ ਕਿਉਂਕਿ ਤੇਰਾ ਲਹੂ ਵੀ ਗ਼ੈਬੀ ਸ਼ਕਤੀ ਨੇ (ਕਾਲ ਦੀ) ਤੇਗ਼ ਨਾਲ ਵੀਟਣਾ ਹੈ ।

تو غافل مشو مرد یزداں شناس
کہ او بے نیاز است او بے سپاس

ਤੂ ਗ਼ਾਫ਼ਿਲ ਮਸ਼ੋ ਮਰਦ ਯਜ਼ਦਾਂ ਸ਼ਨਾਸ ।
ਕਿ ਊ ਬੇ ਨਿਯਾਜ਼ ਅਸਤ ਊ ਬੇਸਿਪਾਸ । ੬੭

**ਅਰਥ**

ਬੇ-ਨਿਯਾਜ਼ ... ਬ-ਪਰਵਾਹ ।
ਬੇ-ਸਿਪਾਸ ... ਖ਼ੁਸ਼ਾਮਦ-ਰਹਿਤ ।

ਹੇ ਔਰੰਗਜ਼ੇਬ ! ਤੂੰ ਅਵੇਸਲਾ ਨਾ ਹੋ । ਪਰਮਾਤਮਾ ਦੀ ਪਛਾਣ ਕਰ । ਉਹ ਬੜਾ ਬੇ ਪਰਵਾਹ ਹੈ । ਉਸ ਨੂੰ ਕਿਸੇ ਖ਼ੁਸ਼ਾਮਦ ਦੀ ਲੋੜ ਨਹੀਂ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

که او بے محابا است شاہان شاہ
زمین و زماں سچہ پاتشاہ

ਕਿ ਊ ਬੇਮੁਹਾਬਸਤ ਸ਼ਾਹਾਨਿਸ਼ਾਹ ।
ਜ਼ਮੀਨੋ ਜ਼ਮਾਂ ਸੱਚ:ਏ ਪਾਤਸ਼ਾਹ । ੬੮

ਅਰਥ

ਬ-ਮੁਹਾਬ ... ਨਿਰਭੈ ।

ਉਹ ਪਰਮਾਤਮਾ ਬੜਾ ਨਿਰਭੈ ਹੈ ਤੇ ਅਰਸ਼ ਫਰਸ਼ ਦਾ ਵਾਲੀ ਸਚਾ ਪਾਤਸ਼ਾਹ ਹੈ ।

خداوند ایزد زمین و زماں
کنندہ است ہر کس مکین و مکاں

ਖ਼ੁਦਾਵੰਦਿ ਈਜ਼ਦ ਜ਼ਮੀਨੋ ਜ਼ਮਾਂ ।
ਕੁਨਿੰਦਅਸਤ ਹਰ ਕਸ ਮਕੀਨੋ ਮਕਾਂ । ੬੯

ਅਰਥ

ਖ਼ੁਦਾਵੰਦ ... ਮਾਲਿਕ ।
ਈਜ਼ਦ ... ਵਾਹਿਗੁਰੂ ।
ਜਮੀਨੋ ਜ਼ਮਾਂ ... ਧਰਤੀ ਤੇ ਅਕਾਸ਼ ।
ਕੁਨਿੰਦ: ... ਕਰਤਾ, ਸਿਰਜਣਹਾਰ ।

ਉਹ ਪ੍ਰਭੂ ਧਰਤੀ ਤੇ ਅਕਾਸ਼ਾਂ ਦਾ ਮਾਲਿਕ ਹੈ । ਉਹ ਸਭ ਦਾ ਸਿਰਜਣਹਾਰ ਹੈ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

هم از پرِ موره هم از پیلتن
که عاجز نوازست غافل شکن

ਹਮ ਅਜ਼ ਪੱਰਿ ਮੋਰ: ਹਮ ਅਜ਼ ਪੀਲਤਨ ।
ਕਿ ਆਜਿਜ਼ ਨਵਾਜ਼ਸਤੋ ਗ਼ਾਫ਼ਿਲ ਸ਼ਿਕਨ । ੭੦

**ਅਰਥ**

ਪੱਰਿ ਮੋਰ: ... ਕੀੜੀ ਦਾ ਖੰਭ (ਭਾਵ ਨਿੱਕੇ ਤੋਂ ਨਿੱਕਾ) ।
ਪੀਲਤਨ ... ਹਾਥੀ ਦੇ ਅਕਾਰ ਵਾਲਾ, ਭਾਵ ਬਹੁਤ ਵਡਾ ।
ਆਜਿਜ਼ ਨਵਾਜ਼ ... ਨਿਤਾਣਿਆਂ ਨੂੰ ਨਿਵਾਜਣ ਵਾਲਾ ।
ਗਾਫ਼ਿਲ ... ਰੱਬ ਦੇ ਨਾਂ ਤੋਂ ਅਣਗਹਿਲੀ ਕਰਨ ਵਾਲਾ।

ਉਹ ਕੀੜੀ ਤੋਂ ਲੈ ਕੇ ਹਾਥੀ ਤਕ ਦੀ ਪਾਲਣਾ ਕਰਦਾ ਹੈ । ਉਹ ਨਿਤਾਣਿਆਂ ਦਾ ਤਾਣ ਅਤੇ ਗਾਫ਼ਲਾਂ ਨੂੰ ਨਸ਼ਟ ਕਰਨ ਵਾਲਾ ਹੈ ।

که او را چو اسم است عاجز نواز
که او بے سپاس است او بے نیاز

ਕਿ ਊ ਰਾ ਚੁ ਇਸਮਸਤ ਆਜਿਜ਼ ਨਵਾਜ਼ ।
ਕਿ ਊ ਬੇ-ਸਿਪਾਸ ਅਸਤ ਊ ਬੇ-ਨਿਯਾਜ਼ । ੭੧

**ਅਰਥ**

ੳ ਰਾ ... ਉਸ ਦਾ ।
ਇਸਮ ... ਨਾਂ ।
ਆਜਿਜ ਨਵਾਜ਼ ... ਗਰੀਬ ਨਵਾਜ਼, ਦੀਨ ਬੰਧੂ ।
ਬੇ-ਸਿਪਾਸ ... ਜਿਸ ਨੂੰ ਖੁਸ਼ਾਮਦ ਦੀ ਲੋੜ ਨਹੀਂ ।

ਉਸ ਦਾ ਨਾਂ ਗਰੀਬ ਨਿਵਾਜ਼ ਹੈ । ਉਸ ਨੂੰ ਕਿਸੇ ਦੀ ਖੁਸ਼ਾਮਦ ਦੀ ਲੋੜ ਨਹੀਂ ਉਹ ਬੜਾ ਬੇਪਰਵਾਹ ਹੈ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

کہ او بے نگوں است او بے چگوں
کہ او رہنما ہست او رہنموں

ਕਿ ਊ ਬੇਨਿਗੂੰ ਅਸਤ ਊ ਬੇ ਚਿਗੂੰ ।
ਕਿ ਊ ਰਹਨੁਮਾ ਹਸਤ ਊ ਰਹਨਮੂ । ੭੨

**ਅਰਥ**

ਬੇ-ਨਿਗੂੰ ... ਅਧੀਨ ਨਾ ਹੋਣ ਵਾਲਾ ।
ਬੇ-ਚਿਗੂੰ ... ਬੇ-ਮਿਸਾਲ, ਅਦੁੱਤੀ ।
ਰਹਨਮੂੰ ... ਰਸਤਾ ਵਿਖਾਉਣ ਵਾਲਾ ।

ਉਸ ਪਰਮਾਤਮਾ ਨੂੰ ਕੋਈ ਅਧੀਨ ਨਹੀਂ ਕਰ ਸਕਦਾ ਅਤੇ ਨਾ ਕੋਈ ਉਸ ਵਰਗਾ ਹੈ ਹੀ, ਉਹ ਸਭ ਨੂੰ ਸਿੱਧੇ ਰਸਤੇ ਪਾਉਣ ਵਾਲਾ ਹੈ ।

کہ بر سر ترا فرض قسم قراں
بگفتہ شما کار خوبی رساں

ਕਿ ਬਰ ਸਰ ਤੁਰਾ ਫ਼ਰਜ਼ ਕਸਮਿ ਕੁਰਾਂ ।
ਬਗੁਫ਼ਤ: ਸ਼ੁਮਾ ਕਾਰ ਖ਼ੂਬੀ ਰਸਾਂ । ੭੩

**ਅਰਥ**

ਬਰ ਸਰ ... ਸਿਰ ਉੱਤੇ ।
ਬਗੁਫ਼ਤ: ... ਕਿਹਾ ਹੋਇਆ, ਆਖਿਆ ਹੋਇਆ ।
ਸ਼ੁਮਾ ... ਤੁਹਾਡੇ, ਆਪਣੇ ।

ਤੇਰੇ ਸਿਰ ਉੱਤੇ ਕੁਰਾਨ ਦੀ ਕਸਮ ਦਾ ਫਰਜ਼ (ਲਾਗੂ) ਹੈ, ਆਪਣੇ ਆਖੇ ਹੋਏ ਕਮ ਨੂੰ ਭਲੀ ਪਰਕਾਰ ਪੂਰਿਆਂ ਕਰ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

بباید تو دانش پرستی کنی
بکار شما چیرہ دستی کنی

ਬਿਬਾਯਦ ਤੂ ਦਾਨਿਸ਼ ਪ੍ਰਸਤੀ ਕੁਨੀ ।
ਬਕਾਰੇ ਸ਼ੁਮਾ ਚੀਰ:-ਦਸਤੀ ਕੁਨੀ । ੭੪

**ਅਰਥ**

| | | |
|---|---|---|
| ਦਾਨਿਸ਼ ਪ੍ਰਸਤੀ | ... | ਸਿਆਣਪ, ਅਕਲਮੰਦੀ । |
| ਚੀਰ:-ਦਸਤੀ | ... | ਸਖਤੀ, ਤਕੜਾਈ । |

ਤੈਨੂੰ ਚਾਹੀਦਾ ਹੈ ਕਿ ਤੂੰ ਸਿਆਣਪ ਤੋਂ ਕੰਮ ਲਵੇਂ ਤੇ ਆਪਣੇ ਕੰਮ ਨੂੰ ਪੂਰੀ ਤਕੜਾਈ ਨਾਲ ਕਰੇਂ ।

چہا شد کہ چوں بچگاں کشتہ چار
کہ باقی بماندست پیچیدہ مار

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ: ਚਾਰ ।
ਕਿ ਬਾਕੀ ਬਮਾਂਦਸਤ ਪੇਚੀਦ: ਮਾਰ । ੭੫

**ਅਰਥ**

| | | |
|---|---|---|
| ਚਿਹਾ ਸ਼ੁਦ | ... | ਕੀ ਹੋਇਆ ? |
| ਬਚਗਾਂ | ... | ਬੱਚੇ । |
| ਮਾਂਦਨ | ... | ਰਹਿਣਾ । |
| ਪੇਚੀਦ: ਮਾਰ | ... | ਕੁੰਡਲੀਦਾਰ ਨਾਗ । |

ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ । ਅਜੇ ਤਾਂ ਕੁੰਡਲੀਦਾਰ ਭੁਝੰਗੀ (ਭਾਵ ਖਾਲਸਾ) ਬਾਕੀ ਹੈ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

mandegar.tarikhema.org

tarikhema.ir

چہ مردی کہ اخگر خموشاں کنی
کہ آتش دماں را فروزاں کنی

ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ ।
ਕਿ ਆਤਿਸ਼ ਦਮਾਂ ਰਾ ਫ਼ਰੋਜ਼ਾਂ ਕੁਨੀ । ੭੬

**ਅਰਥ**

| | | |
|---|---|---|
| ਮਰਦੀ | ... | ਬਹਾਦਰੀ । |
| ਅਖ਼ਗਰ | ... | ਚੰਗਿਆੜਾ । |
| ਖਮੋਸ਼ਾਂ | ... | ਸ਼ਾਂਤ, ਬੁਝੀ ਹੋਈ । |
| ਆਤਿਸ਼ ਦਮਾਂ | ... | ਪਰਚੰਡ ਅਗਨੀ । |
| ਫ਼ਰੋਜ਼ਾਂ | ... | ਭੜਕਵੀਂ । |

ਚੰਗਿਆੜਿਆਂ ਨੂੰ ਬੁਝਾਉਣ ਵਿੱਚ ਤੇਰੀ ਕੀ ਬਹਾਦਰੀ ਹੈ ਜਦ ਕਿ ਤੂੰ ਇਕ ਪਰਚਡ ਜਵਾਲਾ ਨੂੰ ਹੋਰ ਭੜਕਾ ਰਿਹਾ ਹੈਂ ।

چہ خوش گفت فردوسیِ خوش زباں
شتابی بود کارِ آہرمناں

ਚਿ ਖ਼ੁਸ਼ ਗੁਫ਼ਤ ਫ਼ਿਰਦੌਸਿਏ ਖ਼ੁਸ਼ ਜ਼ੁਬਾਂ ।
ਸ਼ਿਤਾਬੀ ਬਵਦ ਕਾਰਿ ਆਹਰਮਨਾਂ । ੭੭

**ਅਰਥ**

| | | |
|---|---|---|
| ਖ਼ੁਸ਼-ਜ਼ੁਬਾਂ | ... | ਚੰਗਾ ਕਹਿਣ ਵਾਲਾ, ਕਵੀ । |
| ਫ਼ਿਰਦੌਸੀ | ... | ਫ਼ਾਰਸੀ ਦਾ ਇਕ ਪਰਸਿੱਧ ਕਵੀ ਜਿਸ ਨੇ ਸੁਲਤਾਨ ਮਹਮਦ ਗਜ਼ਨਵੀ ਦੀ ਸ਼ਾਨ ਵਿੱਚ ਸ਼ਾਹਨਾਮਾ ਲਿਖਿਆ ਸੀ । |



CC-0. Kashmir Research Institute, Srinagar. Digitized by eGangotri

pdf.tarikhema.org

tarikhema.org

ਸ਼ਿਤਾਬੀ ... ਕਾਹਲੀ, ਜਲਦਬਾਜ਼ੀ ।
ਆਹਰਮਨ ... ਸ਼ੈਤਾਨ ।

ਮਨੋਹਰ ਬਲਾਂ ਵਾਲੇ ਫ਼ਿਰਦੌਸੀ ਕਵੀ ਨੇ ਕਿੰਨਾ ਚੰਗਾ ਆਖਿਆ ਹੈ ਕਿ ਕਾਹਲੀ ਕਰਨਾ ਸ਼ੈਤਾਨ ਦਾ ਕੰਮ ਹੈ ।

که ما بارگه حضرت آید شما
ازاں روز باشید شاهد شما

ਕਿ ਮਾ ਬਾਰਗਹਿ ਹਜ਼ਰਤ ਆਯਦ ਸ਼ੁਮਾ ।
ਅਜ਼ਾਂ ਰਜ਼ ਬਾਸ਼ੇਦ ਸ਼ਾਹਿਦ ਸ਼ੁਮਾ । ੭੮

ਅਰਥ

ਬਾਰਗਾਹ ... ਦਰਬਾਰ ।
ਸ਼ਾਹਿਦ ... ਗਵਾਹ ।
ਸ਼ੁਮਾ ... ਤਸੀਂ ।

ਜਦ ਕਦੀ ਤੁਸੀਂ ਸਾਡੇ ਪਾਸ ਆਓ । ਉਸੇ ਦਿਨ ਤੋਂ ਤੁਸੀਂ ਆਪਣੇ ਗਵਾਹ ਆਪ ਬਣ ਜਾਉਗੇ । ਭਾਵ ਤਹਾਨੂੰ ਸੱਚਾਈ ਪਰਤੱਖ ਹੋ ਜਾਵੇਗੀ ।

اگر کار این بر تو بستی کمر
خداوند باشد ترا بهره ور

ਅਗਰ ਕਾਰਿ ਈਂ ਬਰ ਤੂ ਬਸਤੀ ਕਮਰ ।
ਖ਼ੁਦਾਵੰਦ ਬਾਸ਼ਦ ਤੁਰਾ ਬਹਰ:-ਵਰ । ੭੯

ਅਰਥ

ਕਮਰ ਬਰ ਬਸਤਨ .. ਕਮਰਕਸਾ ਕਰਨਾ, ਲੱਕ ਬੰਨ੍ਹਣਾ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਬਹਰ:-ਵਰ ... ਲਾਭ ਪੁਚਾਉਣ ਵਾਲਾ ।

(ਜੇ ਤੂ ਸੱਚ ਦੀ ਓਟ ਲੈਕੇ) ਇਸ ਨੇਕ ਕੰਮ ਲਈ ਲੱਕ ਬੰਨ੍ਹ ਲਵੇਂ ਤਾਂ ਪਰਮਾਤਮਾ ਤੈਨੂੰ ਇਸਦਾ ਨੇਕ ਫਲ ਦੇਵੇਗਾ ।

وگر نه تو این را فرامش کند
ترا هم فراموش یزدان کند

ਵਗਰਨ: ਤੂ ਈਂ ਰਾ ਫ਼ਰਾਮੁਸ਼ ਕੁਨਦ ।
ਤੁਰਾ ਹਮ ਫ਼ਰਾਮੋਸ਼ ਯਜ਼ਦਾਂ ਕੁਨਦ । ੯੦

ਅਰਥ

ਵਗਰ ... ਅਤੇ ਜੇ
ਫ਼ਰਾਮਸ਼ ... ਭੁਲਣ ਦਾ ਭਾਵ ।
ਯਜ਼ਦਾਂ ... ਪਰਮੇਸ਼ਰ ।

ਜੇਤੂੰ ਇਹ ਗਲ ਭੁਲਾ ਦੇਵੇਂਗਾ ਤਾਂ ਵਾਹਿਗੁਰ ਤੈਨੂੰ ਵੀ ਭੁਲਾ ਦੇਵੇਗਾ ਅਰਥਾਤ ਉਸਦੀ ਕਿਰਪਾ ਤੋਂ ਤੂੰ ਵੀ ਵਾਂਝਿਆ ਰਹਿ ਜਾਵੇਂਗਾ ।

که این کار نیک است و دین پروری
چو یزدان شناسی بجان برتری

ਕਿ ਈਂ ਕਾਰਿ ਨੇਕ ਅਸਤੋ ਦੀਂ ਪਰਵਰੀ ।
ਦੁ ਯਜ਼ਦਾਂ ਸ਼ਨਾਸੀ ਬਜਾਂ ਬਰਤਰੀ । ੯੧



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਅਰਥ

ਦੀਂ-ਪਰਵਰੀ .. ਧਰਮ ਪਾਲਣ ਦਾ ਕੰਮ ।
ਬਰਤਰੀ ... ਤੂੰ ਸ਼ਰੇਸ਼ਟ ਹੈਂ ।

ਸਚਿਆਈ ਤੇ ਚਲਣਾ ਨੇਕੀ ਅਤੇ ਧਰਮ ਦਾ ਕੰਮ ਹੈ। ਜੇ ਤੂੰ ਰਬ ਨੂੰ ਪਛਾਣੇਂ ਤਾਂ ਤੂੰ ਇਸ ਤੋਂ ਵੀ ਵਧੇਰੇ ਸਰੇਸ਼ਟ ਹੋਵੇਂ ।

ترا من ندانم که یزدان شناس
برآید ز تو کارها دل‌خراش

ਤੁਰਾ ਮਨ ਨਦਾਨਮ ਕਿ ਯਜ਼ਦਾਂ-ਸ਼ਨਾਸ ।
ਬਰਆਮਦ ਜ਼ਿ ਤੂ ਕਾਰਹਾ ਦਿਲ-ਖ਼ਰਾਸ਼ । ੯੨

ਅਰਥ

ਯਜ਼ਦਾਂ-ਸ਼ਨਾਸ ... ਰੱਬ ਨੂੰ ਪਛਾਣਨ ਵਾਲਾ ।
ਦਿਲ-ਖ਼ਰਾਸ਼ ... ਦਿਲ ਨੂੰ ਛਿੱਲਣ ਵਾਲਾ, ਦੁਖਦਾਈ ।

ਮੈਂ ਇਹ ਨਹੀਂ ਮੰਨਦਾ ਕਿ ਤੂੰ ਖ਼ੁਦਾ ਨੂੰ ਪਛਾਨਣ ਵਾਲਾ ਹੈਂ, ਕਿਉਂ ਜੋ ਤੇਰੇ ਥੋਂ ਅਨੇਕਾਂ ਦਿਲ ਦੁਖਾਉਣ ਵਾਲੇ ਕੰਮ ਹੋਏ ਹਨ ।

شناسد همی تو نه یزدان کریم
نخواهد همی تو بدولت عظیم

ਸ਼ਨਾਸਦ ਹਮੀਂ ਤੂ ਨ ਯਜ਼ਦਾਂ ਕਰੀਮ ।
ਨ ਖ਼ਾਹਦ ਹਮੀਂ ਤੂ ਬਦੌਲਤ ਅਜ਼ੀਮ । ੯੩

ਅਰਥ

ਕਰੀਮ ... ਕ੍ਰਿਪਾਲੂ ।
ਅਜ਼ੀਮ .. ਵੱਡਾ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਕਿਰਪਾਲੂ ਪਰਮੇਸ਼ਰ ਤੈਨੂੰ ਨਹੀਂ ਪਛਾਣਦਾ, ਤੇਰੀ ਵੱਡੀ ਦੌਲਤ ਤੇ ਪਾਤਸ਼ਾਹੀ ਦੇ ਬਾਵਜੂਦ ਵੀ ਉਹ ਤੈਨੂੰ ਨਹੀਂ ਚਾਹੁੰਦਾ ।

اگر صد قرآں را بخوردی قسم
مرا اعتبارے نہ ایں ذرہ دم

ਅਗਰ ਸਦ ਕੁਰਾਂ ਰਾ ਬਖ਼ੁਰਦੀ ਕਸਮ ।
ਮਰਾ ਇਅਤਬਾਰੇ ਨ ਈਂ ਜ਼ੱਰ: ਦਮ । ੮੪

**ਅਰਥ**

ਸਦ ... ਸੌ ।
ਕਸਮ ਖ਼ੁਰਦਨ ... ਸਹੁੰ ਖਾਣਾ ।
ਜ਼ਰ: ਦਮ ... ਭੋਰਾ ਭਰ ।

ਜੇ ਤੂੰ ਕੁਰਾਨ ਸ਼ਰੀਫ ਦੀਆਂ ਸੌ ਕਸਮਾਂ ਵੀ ਖਾਵੇਂ ਤਾਂ ਮੈਨੂੰ ਉਨ੍ਹਾਂ ਉੱਤੇ ਰਤਾ ਭਰ ਵੀ ਇਤਬਾਰ ਨਹੀਂ ।

* حضوری نہ آیم نہ ایں رہ شوم
اگر شہ بخواہد من آنجا روم

ਹੁਜ਼ੂਰੀ ਨ ਆਯਮ ਨ ਈਂ ਰਹ ਸ਼ਵਮ ।
ਅਗਰ ਸ਼ਹ ਬਖ਼੍ਵਾਹਦ ਮਨ ਆਂ ਜਾ ਰਵਮ । ੮੫

**ਅਰਥ**

ਹੁਜ਼ੂਰੀ ... ਹਾਜ਼ਰ ਹੋਣ ਦਾ ਭਾਵ ।
ਬਖ਼੍ਵਾਹਦ .. ਬੁਲਾਵੇ ।
ਰਫ਼ਤਨ ... ਜਾਣਾ ।

---

* ਪਾਠਾਂਤ੍ਰ—ਹੁਜ਼ੂਰੀ ਬਆਲਮ ਨ ਹਾਜ਼ਿਰ ਸ਼ਵੇਮ । (ਦਸਮ ਗ੍ਰੰਥ, ਸੰਗਰੂਰ)



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ਨਾ ਮੈਂ ਤੇਰੇ ਕੋਲ ਆਵਾਂਗਾ ਅਤੇ ਨਾ ਹੀ ਇਹ ਰਸਤਾ ਧਾਰਨ ਕਰਾਂਗਾ। ਜਿਥੇ ਸ਼ਹਿਨਸ਼ਾਹ ਪਰਮੇਸ਼ਰ ਨੇ ਚਾਹਿਆ ਮੈਂ ਉਥੇ ਜਾਵਾਂਗਾ ।

خوشش شاہ شاہان اورنگ زیب
کہ چالاک دستور چابک رکیب

ਖ਼ੁਸ਼ਸ਼ ਸ਼ਾਹਿ ਸ਼ਾਹਾਨ ਔਰੰਗਜ਼ੇਬ ।
ਕਿ ਚਾਲਾਕ ਦਸਤੂਰ ਚਾਬੁਕ ਰਕੇਬ ।* ੮੬

**ਅਰਥ**

ਖ਼ੁਸ਼ਸ਼ ... ਭਾਗਵਾਨ ।
ਚਾਬਕ ਰਕੇਬ ... ਚਗਾ ਘੋੜਸਵਾਰ ।

ਹੇ ਔਰੰਗਜ਼ੇਬ ! ਤੂੰ ਸ਼ਾਹਾਂ ਦਾ ਸ਼ਾਹ ਤੇ ਭਾਗਵਾਨ ਹੈਂ ਅਤੇ ਪ੍ਰਬੰਧ ਵਿਚ ਹੁਸ਼ਿਆਰ ਤੇ ਸ਼ਾਹ-ਸਵਾਰ ਵੀ ਹੈਂ ।

بہ ترتیب دانش بہ تدبیر تیغ
خداوند دیگ و خداوند تیغ

ਬ: ਤਰਤੀਬ ਦਾਨਿਸ਼ ਬ: ਤਦਬੀਰ ਤੇਗ਼ ।
ਖ਼ੁਦਾਵੰਦੇ ਦੇਗੋ ਖ਼ੁਦਾਵੰਦੇ ਤੇਗ਼ । ੮੭

**ਅਰਥ**

ਤਦਬੀਰ .. ਪਰਬੰਧ

ਤੂੰ ਆਪਣੀ ਸਿਆਣਪ ਦੇ ਢੰਗ ਨਾਲ ਅਤੇ ਤਲਵਾਰ ਦੇ ਜ਼ੋਰ ਨਾਲ ਦੇਗ਼ ਅਤੇ ਤੇਗ਼ ਦਾ ਧਨੀ ਹੈਂ ।

*ਪਾਠਾਂਤ੍ਰ—ਕਿ ਚਾਲਾਕ ਦਸਤ ਅਸਤ ਚਾਬੁਕ ਰਕੇਬ [ਖਾ. ਟ੍ਰੈ. ਸੁ.]



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

که حسن الجمال است و روشن ضمیر
خداوند ملک است صاحب امیر

ਕਿ ਹੁਸਨੁਲਜਮਾਲ ਅਸਤੋ ਰੌਸ਼ਨ ਜ਼ਮੀਰ ।
ਖ਼ੁਦਾਵੰਦਿ ਮੁਲਕ ਅਸਤ ਸਾਹਿਬ ਅਮੀਰ । ੮੮

**ਅਰਥ**

| | | |
|---|---|---|
| ਹੁਸਨੁਲਜਮਾਲ | ... | ਸੋਹਣੀ ਸ਼ਕਲ ਵਾਲਾ |
| ਰੌਸ਼ਨ ਜ਼ਮੀਰ | ... | ਸੂਝਵਾਨ, ਸਿਆਣਾ |

ਹੇ ਔਰੰਗਜ਼ੇਬ ! ਤੂੰ ਸੋਹਣਾ, ਸੁਦਰ ਤੇ ਸਿਆਣਾ ਵੀ ਹੈਂ । ਤੂੰ ਮੁਲਕ ਦਾ ਬਾਦਸ਼ਾਹ ਅਤੇ ਹਾਕਮਾਂ ਦਾ ਸਰਦਾਰ ਵੀ ਹੈਂ ।

که روشن ضمیر است و حسن الجمال
خداوند بخشندهٔ ملک و مال

ਕਿ ਰੌਸ਼ਨ ਜ਼ਮੀਰ ਅਸਤੋ ਹੁਸਨੁਲਜਮਾਲ ।
ਖ਼ੁਦਾਵੰਦ ਬਖ਼ਸ਼ਿੰਦ:ਏ ਮੁਲਕੋ ਮਾਲ । ੮੯

**ਅਰਥ**

| | | |
|---|---|---|
| ਖ਼ੁਦਾਵਦ | ... | ਮਾਲਕ |
| ਬਖ਼ਸ਼ਿੰਦ | ... | ਬਖ਼ਸ਼ਣਹਾਰ |

ਤੂੰ ਸਿਆਣਾ ਤੇ ਸੁੰਦਰ ਵੀ ਹੈਂ । ਤੂੰ ਮਾਲਕ ਹੈਂ ਅਤੇ ਮਾਲ ਦੌਲਤ ਦਾ ਬਖ਼ਸ਼ਣ ਵਾਲਾ ਵੀ ਹੈਂ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

بخشش کبیر است و در جنگ کوه
ملائک صفت چوں ثریا شکوه

ਬ: ਬਖ਼ਸ਼ਿਸ਼ ਕਬੀਰ ਅਸਤੋ ਦਰ ਜੰਗ ਕੋਹ ।
ਮਲਾਇਕ ਸਿਫ਼ਤ ਚੂੰ ਸੁਰੱਯਾ ਸ਼ਿਕੋਹ । ੯੦

**ਅਰਥ**

ਕਬੀਰ ... ਵੱਡਾ
ਮਲਾਇਕ ਸਿਫ਼ਤ ... ਫ਼ਰਿਸ਼ਤਿਆਂ ਵਰਗਾ

ਤੂੰ ਬਖਸ਼ਿਸ਼ (ਦਾਨ ਕਰਨ) ਵਿੱਚ ਵੱਡਾ ਹੈਂ ਤੇ ਜੰਗ ਵਿੱਚ ਪਹਾੜ ਵਾਂਗ ਅਡੋਲ ਰਹਿਣ ਵਾਲਾ ਹੈਂ । ਤੂੰ ਫਰਿਸ਼ਤਿਆਂ ਦੇ ਗੁਣਾਂ ਵਾਲਾ ਤੇ ਉੱਚੀ ਸ਼ਾਨ ਵਾਲਾ ਹੈਂ ।

شهنشاه اورنگ زیب عالمیں
که دارائے دور است و دور است دیں

ਸ਼ਹਨਸ਼ਾਹਿ ਔਰੰਗਜ਼ੇਬ ਆਲਮੀਂ ।
ਕਿ ਦਾਰਾਇ ਦੌਰ ਅਸਤੁ ਦੂਰਅਸਤ ਦੀਂ । ੯੧

**ਅਰਥ**

ਸ਼ਹਿਨਸ਼ਾਹਿ ਆਲਮੀ ... ਦੁਨੀਆਂ ਦਾ ਬਾਦਸ਼ਾਹ
ਦਾਰਾਏ ਦੌਰ ... ਸਮੇਂ ਦਾ ਹਾਕਮ
ਦੀਂ ... ਧਰਮ, ਦੀਨ

(ਪਰ) ਹੇ ਔਰੰਗਜ਼ੇਬ ! ਭਾਵੇਂ ਤੂੰ ਦੁਨੀਆ ਦਾ ਸ਼ਹਿਨਸ਼ਾਹ ਤੇ ਸਮੇਂ ਦਾ ਹਾਕਮ ਵੀ ਹੈਂ ਪਰ ਤੂੰ ਸੱਚੇ ਧਰਮ ਤੋਂ ਬਹੁਤ ਦੂਰ ਹੈਂ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

منم کشتہ ام کوہیاں بت پرست
کہ آں بت پرستند و من بت شکست

ਮਨਮ ਕੁਸ਼ਤ: ਅਮ ਕੋਹਿਯਾਂ ਬੁਤ ਪ੍ਰਸਤ ।
ਕਿ ਆਂ ਬੁਤ-ਪ੍ਰਸਤੰਦੋ ਮਨ ਬੁਤ-ਸ਼ਿਕਸਤ । ੯੨

**ਅਰਥ**

ਕੁਸ਼ਤਨ ... ਮਾਰਨਾ, ਕਤਲ ਕਰਨਾ ।
ਕੋਹਿਯਾਂ ... ਕੋਹੀ ਦਾ ਬਹੁ–ਵਚਨ ।
ਅਰਥਾਤ ਪਹਾੜੀ ਰਾਜੇ ।
ਬੁਤ-ਪ੍ਰਸਤ ... ਬੁੱਤਾਂ ਦੀ ਪੂਜਾ ਕਰਨ ਵਾਲਾ ।

ਮੈਂ ਬੁਤ ਪ੍ਰਸਤ ਪਹਾੜੀ ਰਾਜਿਆਂ ਨੂੰ ਮਾਰ ਮੁਕਾਇਆ ਹੈ ਕਿਉਂ ਜੋ ਉਹ ਬੁਤਾਂ ਦੇ ਉਪਾਸ਼ਕ ਹਨ ਅਤੇ ਮੈਂ ਬੁਤਾਂ ਨੂੰ ਤੋੜਿਆ ਹੈ ।

ببیں گردشِ بے وفائے زماں
پسِ پشت افتد رساند زیاں

ਬਬੀਂ ਗਰਦਿਸ਼ੇ ਬੇ–ਵਫ਼ਾਇ ਜ਼ਮਾਂ ।
ਪਸੇ ਪੁਸ਼ਤ ਉਫ਼ਤਦ ਰਸਾਨਦ ਜ਼ਿਯਾਂ । ੯੩

**ਅਰਥ**

ਬਬੀਂ ... ਵੇਖ
ਗਰਦਿਸ਼ ... ਚੱਕਰ
ਜ਼ਮਾਂ ... ਸਮਾਂ
ਪਸੇ ਪੁਸ਼ਤ ਉਫ਼ਤਾਦਨ ... ਪਿੱਛੇ ਸੁਟ ਦੇਣਾ ਅਰਥਾਤ ਪਰਵਾਹ ਨਾ ਕਰਨਾ
ਜ਼ਿਯਾਂ ... ਨੁਕਸਾਨ



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

ਤੂੰ ਇਸ ਬੇ-ਵਫ਼ਾ ਜ਼ਮਾਨੇ ਦਾ ਚਕਰ ਤਾਂ ਵੇਖ, ਇਹ ਜਿਸਪਿੱਛੇ ਵੀ ਪੈਂਦਾ ਹੈ, ਉਸ ਨੂੰ ਨੁਕਸਾਨ ਪਹੁੰਚਾਉਂਦਾ ਹੈ ।

ببیں قدرت نیک یزدانِ پاک
کہ از یک بدہ لک رساند ہلاک

ਬਬੀਂ ਕੁਦਰਤੇ ਨੇਕ ਯਜ਼ਦਾਨਿ ਪਾਕ ।
ਕਿ ਅਜ਼ ਯਕ ਬਦਹ ਲਕ ਰਸਾਨਦ ਹਲਾਕ ।।੯੪

**ਅਰਥ**

| | | |
|---|---|---|
| ਬਬੀਂ | ... | ਵੇਖ । |
| ਯਜ਼ਦਾਨ | .. | ਪਰਮੇਸ਼ਰ । |
| ਬਹਲਾਕ. ਰਸਾਨੀਦਨ | ... | ਮਰਵਾ ਸੁੱਟਣਾ । |

ਤੂੰ ਉਸ ਪਵਿਤਰ ਪਰਮੇਸ਼ਰ ਦੀ ਅਨੋਖੀ ਸ਼ਕਤੀ ਨੂੰ ਵੇਖ ਜੋ ਇਕ ਇਕ ਆਦਮੀ ਤੋਂ ਲੱਖਾਂ ਨੂੰ ਮਰਵਾ ਦੇਂਦਾ ਹੈ ।

چہ دشمن کند مہرباں است دوست
کہ بخشندگی کار بخشندہ اوست

ਚਿ ਦੁਸ਼ਮਨ ਕੁਨਦ ਮਿਹਰਬਾਂ ਅਸਤ ਦੋਸਤ‡ ।
ਕਿ ਬਖ਼ਸ਼ਿੰਦਗੀ ਕਾਰਿ ਬਖ਼ਸ਼ਿੰਦ: ਓਸਤ । ੯੫

---

ਪਾਠਾਂਤ੍ਰ—ਕਿ ਯਕ ਰਾ ਬਦਹ ਲਕ ਰਸਾਨਦ ਹਲਾਕ । [ਦਸਮ ਗ੍ਰੰਥ, ਸੰਗਰੂਰ
ਪਾਠਾਂਤ੍ਰ—ਚਿ ਦੁਸ਼ਮਨ ਕੁਨਦ ਮਿਹਰਬਾਂ ਬਾਸ਼ ਦੋਸਤ [ਦਸਮ ਗ੍ਰੰਥ, ਸੰਗਰੂਰ ।



CC-0. Kashmir Research Institute, Srinagar. Digitized by eGangotri

tarikhema.org

ਅਰਥ

ਬਖ਼ਸ਼ਿੰਦਗੀ ... ਬਖਸ਼ਿਸ਼ ਦਾ ਭਾਵ ।

ਬਖ਼ਸ਼ਿੰਦ ... ਬਖਸ਼ਣਹਾਰ ।

ਜਦ ਦੋਸਤ (ਰੱਬ) ਮਿਹਰਬਾਨ ਹੋਵੇ ਤਾਂ ਦੁਸ਼ਮਣ ਕੀ ਕਰ ਸਕਦਾ ਹੈ ! ਉਸ ਬਖਸ਼ਿੰਦ ਵਾਹਿਗੁਰੂ ਦਾ ਕੰਮ ਹੀ ਬਖਸ਼ਿਸ਼ ਕਰਨਾ ਹੈ ।

رہائی دہ و رہنمائی دہد
زباں را بہ صفت آشنائی دہد

ਰਿਹਾਈ ਦਿਹੋ ਰਹਨੁਮਾਈ ਦਿਹਦ ।
ਜ਼ੁਬਾਂ ਰਾ ਬ: ਸਿਫ਼ਤ ਆਸ਼ਨਾਈ ਦਿਹਦ ! ੯੬

ਅਰਥ

ਰਿਹਾਈ-ਦਿਹ ... ਮੁਕਤੀ-ਦਾਤਾ ।

ਸਿਫ਼ਤ ... ਉਸਤਤਿ ।

ਆਸ਼ਨਾਈ ... ਵਾਕਫੀ, ਜਾਣਕਾਰੀ ।

ਉਹ ਵਾਹਿਗੁਰੂ ਮੁਕਤੀਦਾਤਾ ਅਤੇ ਸੱਚਾ ਰਾਹ ਦਿਖਾਉਣ ਵਾਲਾ ਹੈ । ਉਸ ਦੀ ਪਵਿੱਤਰ ਜ਼ਾਤ ਹੀ ਲੋਕਾਂ ਦੀਆਂ ਰਸਨਾ ਨੂੰ ਸਿਫ਼ਤ ਸਨਾ ਅਤੇ ਗੁਣ-ਗਾਇਨ ਵਲ ਪਰੇਰਦੀ ਹੈ ।

خصم را چو کور او کند وقت کار
یتیماں بروں مے برد بے ازار

ਖਸਮ ਰਾ ਚੁ ਕੋਰ ਊ ਕੁਨਦ ਵਕਤਿ ਕਾਰ ।
ਯਤੀਮਾਂ ਬਿਰੂੰ ਮੇ ਬੁਰਦ ਬੇ- ਅਜ਼ਾਰ । ੯੭

† ਪਾਠਾਂਤ੍ਰ—
ਚਸ਼ਮ ਰਾ ਬਕੋਰੋਕੁਨਦ ਵਕਤੇ ਕਾਰ ।
ਜ਼ਿ ਪੈਮਾਨ ਬੇਰੂੰ ਬੁਰਦ ਬੇਂ ਅਜ਼ਾਰ । [ਦਸਮ ਗ੍ਰੰਥ, ਸੰਗਰੂਰ]



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

**ਅਰਥ**

| | | |
|---|---|---|
| ਖ਼ਸਮ | ... | ਦੁਸ਼ਮਣ, ਸ਼ਤਰੂ । |
| ਕੌਰ | ... | ਅੰਨ੍ਹਾ । |
| ਯਤੀਮ | ... | ਅਨਾਥ । |
| ਬੇ-ਅਜ਼ਾਰ । | ... | ਬਿਨਾ ਕਿਸੇ ਦੁਖ ਦੇ । |

ਉਹ ਪਰਮੇਸ਼ਰ ਦੁਸ਼ਮਣਾਂ ਨੂੰ ਮੌਕੇ ਤੇ ਅੰਨ੍ਹਿਆਂ ਕਰ ਦੇਂਦਾ ਹੈ ਤੇ ਅਨਾਥਾਂ ਨੂੰ ਬਿਨਾਂ ਕਿਸੇ ਕਸ਼ਟ ਦੇ ਕੱਢ ਲੈ ਜਾਂਦਾ ਹੈ ।

هرآں کس کہ او راستبازی کند
رحیمے برو رحم سازی کند

ਹਰਾਂਕਸ ਕਿ ਓ ਰਾਸਤਬਾਜ਼ੀ ਕੁਨਦ ।
ਰਹੀਮੇ ਬਰੋ ਰਹਮਸਾਜ਼ੀ ਕੁਨਦ । ੯੮

**ਅਰਥ**

| | | |
|---|---|---|
| ਰਾਸਤਬਾਜ਼ੀ | ... | ਸੱਚ ਦਾ ਵਿਹਾਰ । |
| ਰਹੀਮ | ... | ਰਹਿਮ ਕਰਨ ਵਾਲਾ ਰੱਬ । |

ਜਿਹੜਾ ਆਦਮੀ ਸਚਿਆਈ ਤੇ ਹੁੰਦਾ ਹੈ, ਕਿਰਪਾਲੂ ਵਾਹਿਗੁਰੂ ਉਸ ਉੱਤੇ ਬਖਸ਼ਿਸ਼ ਕਰਦਾ ਹੈ ।

کسے خدمت آید بسے قلب وجاں
خداوند بخشید برو۔ے اماں

ਕਸੇ ਖ਼ਿਦਮਤ ਆਯਦ ਬਸੇ ਕਲਬੋ ਜਾਂ ।
ਖ਼ੁਦਾਵੰਦ ਬਖ਼ਸ਼ੀਦ ਬਰ ਵੈ ਅਮਾਂ । ੯੯



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

## ਅਰਥ

ਬਖ਼ਿਦਮਤ ਆਮਦਨ ... ਸ਼ਰਨ ਵਿੱਚ ਆਉਣਾ ।
ਬਸੇ ... ਬਹੁਤ ।
ਕਲਬ ... ਦਿਲ ।
ਅਮਾਂ ... ਪਨਾਹ ਆਰਾਮ ।

ਜੋ ਕੋਈ ਤਨੋਂ ਮਨੋਂ ਵਾਹਿਗੁਰ ਦੀ ਸ਼ਰਣ ਵਿੱਚ ਆ ਜਾਂਦਾ ਹੈ, ਉਹ ਉਸ ਨੂੰ ਆਪਣੀ ਰੱਖਿਆ ਵਿੱਚ ਲੈ ਲੈਂਦਾ ਹੈ ।

چه دشمن براں حیله سازی کند
که بروے خدا رحم سازی کند

ਚਿ ਦੁਸ਼ਮਨ ਬਰਾਂ ਹੀਲ:-ਸਾਜ਼ੀ ਕੁਨਦ ।
ਕਿ ਬਰ ਵੈ ਖ਼ੁਦਾ ਰਹਮਸਾਜ਼ੀ ਕੁਨਦ । ੧੦੦

## ਅਰਥ

ਹੀਲ:-ਸਾਜ਼ੀ ... ਵਿਉਂਤ, ਧੋਖਾ ।

ਜਿਸ ਉਤੇ ਪਰਮੇਸ਼ਰ ਆਪ ਕਿਰਪਾ ਕਰੇ, ਉਸ ਨਾਲ ਵਰੀ ਕੀ ਧੋਖਾ ਕਰ ਸਕਦਾ ਹੈ ?

اگر یک برآید دہ و دہ ھزار
نگہبان او را شود کردگار

ਅਗਰ ਯਕ ਬਰਾਯਦ ਦਹੋ ਦਹ-ਹਜ਼ਾਰ ।
ਨਿਗਹਬਾਨ ਊ ਰਾ ਸ਼ਵਦ ਕਿਰਦਗਾਰ । ੧੦੧



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

**ਅਰਥ**

ਦਹੋ ਦਹ-ਹਜ਼ਾਰ ... ਲੱਖ, ਅਨੇਕਾਂ ।
ਨਿਗਹਬਾਨ ... ਰਾਖਾ ।
ਕਿਰਦਗਾਰ ... ਸਿਰਜਣਹਾਰ ।

ਜੇ ਇਕੱਲੇ ਬੰਦੇ ਉੱਤੇ ਲੱਖਾਂ ਆਦਮੀ ਚੜ੍ਹ ਆਉਣ ਤਾਂ ਸਿਰਜਣਹਾਰ ਵਾਹਿਗਰੂ ਆਪ ਉਸ ਦਾ ਰਖਵਾਲਾ ਬਣਦਾ ਹੈ ।

ترا گر نظر هست لشکر و زر
که ما را نگاه است یزدان شکر

ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ ।
ਕਿ ਮਾਰਾ ਨਿਗਾਹ ਅਸਤ ਯਜ਼ਦਾਂ ਸ਼ੁਕਰ । ੧੦੨

**ਅਰਥ**

ਲਸ਼ਕਰ ... ਫ਼ੌਜ ।
ਜ਼ਰ ... ਧਨ, ਦੌਲਤ ।
ਯਜ਼ਦਾਂ ... ਪਰਮੇਸ਼ਰ ।

ਜੇ ਤੇਰੀ ਨਜ਼ਰ ਆਪਣੀਆਂ ਫ਼ੌਜਾਂ ਤੇ ਦੌਲਤ ਖਜ਼ਾਨਿਆਂ ਉੱਤੇ ਹੈ ਤਾਂ ਸਾਡੀ ਨਿਗਾਹ ਉਸ ਅਕਾਲਪੁਰਖ ਦੇ ਸ਼ੁਕਰਾਨੇ ਵਲ ਹੈ ।

که او را غرور است بر ملک و مال
و ما را پناه است یزدان اکال

ਕਿ ਊ ਰਾ ਗ਼ੁਰੂਰ ਅਸਤ ਬਰ ਮੁਲਕੋ ਮਾਲ ।
ਵ ਮਾ ਰਾ ਪਨਾਹ ਅਸਤ ਯਜ਼ਦਾਂ ਅਕਾਲ । ੧੦੩



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

**ਅਰਥ**

ਗ਼ੁਰੂਰ ... ਘੁਮੰਡ, ਅਭਿਮਾਨ ।
ਪਨਾਹ ... ਸ਼ਰਣ, ਆਸਰਾ ।
ਯਜ਼ਦਾਂ ... ਪਰਮੇਸ਼ਰ ।

ਉਸ ਔਰੰਗਜ਼ੇਬ ਬਾਦਸ਼ਾਹ ਨੂੰ ਤਾਂ ਅਪਣੇ ਰਾਜ ਭਾਗ ਤੇ ਧਨ ਦੌਲਤ ਦਾ ਘੁਮੰਡ ਹੈ । ਸਾਨੂੰ ਆਪਣੇ ਅਕਾਲ ਪੁਰਖ ਦੀਆਂ ਰੱਖਾਂ ਹਨ ।

تو غافل مشو زیں سپنجی سرائے
کہ عالم بگذرد سر جا بجائے

ਤੂ ਗ਼ਾਫ਼ਿਲ ਮਸ਼ੋ ਜ਼ੀਂ ਸਿਪੰਜੀ ਸਰਾਇ ।
ਕਿ ਆਲਮ ਬਗੁਜ਼ਰਦ ਸਰੇ ਜਾ ਬਜਾਇ ।੧੦੪

**ਅਰਥ**

ਗ਼ਾਫ਼ਿਲ ... ਅਵੇਸਲਾ ।
ਸਿਪੰਜੀ ਸਰਾ ... ਆਰਜ਼ੀ ਟਿਕਾਣਾ, ਭਾਵ ਮਿਟ ਣਹਾਰ ਦੁਨੀਆ ।
ਆਲਮ ... ਸੰਸਾਰ ।

ਤੂੰ ਇਸ ਹਕੀਕਤ ਤੋਂ ਅਵੇਸਲਾ ਨਾ ਹੋ, ਇਹ ਦੁਨੀਆ ਚਾਰ ਦਿਨਾਂ ਦੀ **ਸਰਾਂ ਹੈ**, ਇਹ ਜਗਤ ਥਾਉਂ ਥਾਈਂ ਚਲਦਾ ਜਾ ਰਿਹਾ ਹੈ ।†

---

† ਕਈ ਨੁਸਖਿਆਂ ਵਿੱਚ ਇਥੇ ਚਾਰ ਸ਼ੇਅਰ ਹੋਰ ਵੀ ਮਿਲਦੇ ਹਨ:—
'ਕੁਜਾ ਸ਼ਾਹਿ ਕੈਖਿਸਰੂ ਓ ਜਾਮਿ ਜਮ । ਕੁਜਾ ਸ਼ਾਹਿ ਆਦਮ ਸਪੁਰਦਿ ਅਦਮ ।
ਫਰੀਦੂੰ ਕੁਜਾ ਬਹਮਨ ਅਸਫ਼ੰਦਯਾਰ । ਨ ਦਾਰਾਬੋ ਦਾਰਾ ਦਰਾਮਦ ਸ਼ੁਮਾਰ ।
ਕੁਜਾ ਸ਼ਾਹਿ ਇਸਕਦ–ਰੋ ਸ਼ੇਰ ਸ਼ਾਹ । ਕਿ ਯਕ ਹਮ ਨ-ਮਾਂਦਸਤ ਜ਼ਿੰਦਾ ਬਜਾਹ ।
ਕੁਜਾ ਸ਼ਾਹਿ ਤੈਮੂਰ ਬਾਬਰ ਕੁਜਾਸਤ । ਹੁਮਾਯੂੰ ਕੁਜਾ, ਸ਼ਾਹਿ ਅਕਬਰ ਕੁਜਾਸਤ ।



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

ببیں گردشِ بیوفائے زماں
کہ بر ہر بگذرد مکین و مکاں

ਬਬੀਂ ਗਰਦਿਸ਼ਿ ਬੇਵਫ਼ਾਇ ਜ਼ਮਾਂ ।
ਕਿ ਬਰ ਹਰ ਬਗੁਜ਼ਰਦ ਮਕੀਨੋ ਮਕਾਂ । ੧੦੫

**ਅਰਥ**

ਗਰਦਿਸ਼ਿ ... ਚੱਕਰ ।
ਜ਼ਮਾਂ ... ਸਮਾਂ ।
ਮਕੀਨ ... ਮਕਾਨ ਵਿਚ ਰਹਿਣ ਵਾਲਾ, ਵਸਨੀਕ ।

ਇਸ ਬੇਵਫ਼ਾ ਕਾਲ-ਚੱਕਰ ਵਲ ਵੇਖ । ਇਸ ਦਾ ਵਾਰ ਸੰਸਾਰ ਦੀ ਹਰ ਚੀਜ਼ ਉਪਰ ਅਵੱਸ਼ ਹੁੰਦਾ ਹੈ

تو گر جبر عاجز خراشی مکن
قسم را بہ تیشہ تراشی مکن

ਤੂ ਗਰ ਜਬਰ ਆਜਿਜ਼ ਖ਼ਰਾਸ਼ੀ ਮਕੁਨ ।
ਕਸਮ ਰਾ ਬ: ਤੇਸ਼: ਤਰਾਸ਼ੀ ਮਕੁਨ । ੧੦੬

**ਅਰਥ**

ਜਬਰ .. ਸਖਤੀ, ਅਤਿਆਚਾਰ ।
ਆਜਿਜ਼ ਖ਼ਰਾਸ਼ੀ ... ਦੀਨ ਦੁੱਖੀ ਨੂੰ ਸਤਾਉਣ ਦਾ ਭਾਵ, ਗਰੀਬਮਾਰ

ਜੇ ਤੂੰ ਤਕੜਾ ਜਾਬਰ ਵੀ ਹੈਂ ਤਾਂ ਗਰੀਬਾਂ ਨੂੰ ਨਾ ਸਤਾ ਅਤੇ ਆਪਣੀ ਖਾਧੀ ਕਸਮ ਨੂੰ ਤੇਸੇ ਨਾਲ ਨਾ ਛਿਲ ਅਰਥਾਤ ਤੂੰ ਆਪਣਾ ਬਚਨ ਭੰਗ ਨ ਕਰ ।



CC-0. Kashmir Research Institute, Srinagar. Digitized by eGangotri
pdf.tarikhema.org
mandegar.tarikhema.org
tarikhema.ir

tarikhema.org

چو حق یار باشد چه دشمن کند
اگر دشمنی را بصد تن کند

ਚੁ ਹੱਕ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ ।
ਅਗਰ ਦੁਸ਼ਮਨੀ ਰਾ ਬਸਦ ਤਨ ਕੁਨਦ ।† ੧੦੭

**ਅਰਥ**

ਹਕ ... ਪਰਮੇਸ਼ਰ ।
ਸਦ ਤਨ ... ਸੌ ਸਰੀਰ ।

ਜੇ ਰੱਬ ਦੋਸਤ ਹੋਵੇ ਤਾਂ ਦੁਸ਼ਮਣ ਕੀ ਵਿਗਾੜ ਸਕਦਾ ਹੈ, ਭਾਵੇਂ ਉਹ ਸੌ ਗੁਣਾਂ ਵੈਰ ਵੀ ਕਰੇ ।

mandegar.tarikhema.org

tarikhema.ir

خصم دشمنی گر هزار آورد
نه یکے موئے او را آزار آورد

ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ ।
ਨ ਯਕ ਮੂਇ ਊ ਰਾ ਅਜ਼ਾਰ ਆਵੁਰਦ । ੧੦੮

**ਅਰਥ**

ਗਰ ... ਜੇਕਰ ।
ਮੂਇ .. ਵਾਲ ।
ਅਜ਼ਾਰ ... ਦੁੱਖ ।

---

†ਪਾਠਾਂਤ੍ਰ—ਹੱਕ ਰਾਸ ਬਾਸ਼ਦ ਚਿ ਦੁਸ਼ਮਨ ਕੁਨਦ ।
ਅਗਰ ਦੁਸ਼ਮਨੀ ਰਾ ਬਬੇਸ਼ਸ਼ ਕੁਨਦ । [ਦਸਮ ਗ੍ਰੰਥ, ਸੰਗਰੂਰ]



CC-0. Kashmir Research Institute, Srinagar. Digitized by eGangotri

pdf.tarikhema.org

tarikhema.org

ਜੇ ਵੈਰੀ ਹਜ਼ਾਰਾਂ ਦੁਸ਼ਮਣੀਆਂ ਵੀ ਕਰੇ ਤਾਂ ਉਸ ਦਾ ਵਾਲ ਵਿਗਾ ਵੀ ਨਹੀਂ ਕਰ ਸਕਦਾ ।

اگنجو ابھنجو اروپو اریکھ
اگادھو ابادھو ابھرمو الیکھ

ਅਗਜੋ, ਅਭੇਜੋ, ਅਰੂਪੋ, ਅਰੇਖ ।
ਅਗਾਧੋ, ਅਬਾਧੋ, ਅਭਰਮੋ, ਅਲੇਖ । ੧੦੯

ਅਰਥ

ਉਹ ਪਰਮੇਸ਼ਰ ਨਾਸ਼ ਰਹਿਤ ਹੈ, ਉਸਦਾ ਰੂਪ ਤੇ ਉਸਦਾ ਚਿਹਨ ਚੱਕਰ ਕੋਈ ਨਹੀਂ । ਉਹ ਬਹੁਤ ਡੂੰਘਾ ਹੈ, ਅਬਿਨਾਸ਼ੀ ਹੈ, ਭਰਮ ਰਹਿਤ ਹੈ, ਅਤੇ ਲੇਖੇ ਵਿਚ ਨਹੀਂ ਆ ਸਕਦਾ ਅਰਥਾਤ ਬੇਅੰਤ ਹੈ ।

اراگو اروپو اریکھو ارنگ
اجنمو ابرنو ابھوتو ابھنگ

ਅਰਾਗੋ, ਅਰੂਪੋ, ਅਰੇਖੋ, ਅਰੰਗ ।
ਅਜਨਮੋ, ਅਬਰਨੋ, ਅਭੂਤੋ, ਅਭੰਗ । ੧੧੦

ਅਰਥ

ਉਹ ਰੂਪ, ਰੰਗ ਰਾਗ ਤੇ ਚਿਹਨ ਚੱਕਰ ਤੋਂ ਰਹਿਤ ਹੈ । ਜਨਮ ਤੇ ਵਰਣ ਤੋਂ ਵੀ ਉਪਰ ਹੈ, ਉਹ ਸੂਖਮ ਸਰੂਪ ਤੇ ਨਾਸ਼ ਰਹਿਤ ਹੈ



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

اچهیدو ابهیدو اکرمو اکام
اکهیدو ابهیدو ابهرمو ابهام

ਅਛੇਦੋ, ਅਭੇਦੋ, ਅਕਰਮੋ, ਅਕਾਮ ।
ਅਖੇਦੋ, ਅਭੇਦੋ, ਅਭਰਮੋ, ਅਭਾਮ । ੧੧੧

**ਅਰਥ**

ਉਹ ਪਰਮਸ਼ਰ ਅਕੱਟ ਤੇ ਭੇਦ ਰਹਿਤ ਹੈ । ਉਹ ਕਰਮ ਚਕ੍ਰ ਤੋਂ ਉਤੇ ਅਤੇ ਇਛਾ ਰਹਿਤ ਹੈ । ਉਹ ਦੁਖਾਂ ਤੇ ਭੇਦ-ਵੰਡਾਂ ਤੋਂ ਉੱਤੇ ਹੈ, ਭਰਮ ਤੋਂ ਬਿਨਾਂ ਹੈ, ਇਸਤਰੀ ਤੋਂ ਬਿਨਾਂ ਹੈ ।

اریکهو ابهیکو الیکهو ابهنگ
خُداوند بخشندهٔ رنگ رنگ

ਅਰੇਖੋ, ਅਭੇਖੋ, ਅਲੇਖੋ, ਅਭੰਗ ।
ਖ਼ੁਦਾਵੰਦ ਬਖ਼ਸ਼ੰਦ:ਏ ਰੰਗ ਰੰਗ । ੧੧੨

ਉਹ ਪਰਮੇਸ਼ਰ ਰੇਖ, ਭੇਖ ਤੋਂ ਰਹਿਤ, ਹੈ, ਲੇਖੇ ਵਿੱਚ ਆ ਨਹੀਂ ਸਕਦਾ, ਨਾਸ਼ ਨਹੀਂ ਹੁੰਦਾ । ਉਹ ਵਾਹਿਗੁਰੂ ਤਰ੍ਹਾਂ ਤਰ੍ਹਾਂ ਦੀਆਂ ਖ਼ੁਸ਼ੀਆਂ ਬਖਸ਼ਣ ਵਾਲਾ ਹੈ ।

o

Printed at National Offset Works, Delhi.



mandegar.tarikhema.org
tarikhema.ir
CC-0. Kashmir Research Institute, Srinagar. Digitized by eGangotri
pdf.tarikhema.org

tarikhema.org

mandegar.tarikhema.org

tarikhema.ir

CC-0. Kashmir Research Institute, Srinagar. Digitized by eGangotri

pdf.tarikhema.org